Guru Ji continues to offer examples that reveal the Divine’s intimate presence within creation and affirms that only the Creator fully grasps the mechanics and deep concepts of existence. He highlights the rhythmic interplay of day and night, how one follows the other in flawless sequence (ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ din meh rain rain meh dhineear). Within this cycle, warmth and cold emerge in turn (ਉਸਨ ਸੀਤ usan seet), shaping the environment we reside in. These contrasting forces, light and darkness, heat and chill are not random occurrences. They are vital components of life’s design, each fulfilling a role in sustaining creation. This perfect sequencing,

invisible to ordinary comprehension, is carried out by the Divine with flawless precision (ਬਿਧਿ ਸੋਈ bidh soiee). While humans may witness these phenomena, their inner workings and greater purpose remain beyond mental grasp (ਤਾ ਕੀ ਗਤਿ ਮਿਤਿ ਅਵਰੁ ਨ ਜਾਣੈ taa kee gat mit avar na jaanai). Such understanding that the divine is beyond our comprehension and control, is achieved through the life lessons shared with us by none other than our Guru's in form of Gurbani (ਗੁਰ ਬਿਨੁ ਸਮਝ ਨ ਹੋਈ gur bin samajh na hoiee).

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥ ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥
purakh meh naar naar meh purakhaa boojhahu braham giaanee || dhun meh dhiaan dhiaan meh jaaniaa gurmukh akath kahaanee ||3||

Guru Ji, once again, shares examples to illustrate the intimate presence of the Divine within the very fabric of creation. He points to the interplay of life's origin, men are born from women, and women emerge from the seed of men (ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ purakh meh naar naar meh purakhaa). This cyclical and interwoven process of life's continuation is not merely biological; it is a sacred mystery known only to our creator. Through such examples, Guru Ji invites spiritual seekers to perceive the boundlessness of the Creator (ਬੂਝਹੁ ਬ੍ਰਹਮ ਗਿਆਨੀ boojhahu braham giaanee). The message is clear: this divine orchestration defies human logic and cannot be boxed or bounded (ਅਕਥ ਕਹਾਨੀ akath kahaanee). And yet, because the Divine resides within the creation itself, we're not disconnected, we are, in fact, capable of realizing this connection. The key lies in aligning our awareness with the divine resonance, attuning ourselves to the rhythm of God through devotion, contemplation, and the wisdom of Gurbani (ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ dhun meh dhiaan dhiaan meh jaaniaa gurmukh). Note gurmukh, means through the words/messages of our Guru.

ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥ ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥ man meh jot jot meh manooaa pa(n)ch mile gur bhaiee || naanak tin kai sadh balihaaree jin ek sabadh liv laiee ||4||9||

In closing, Guru Ji offers heartfelt reverence to those individuals who have realized the Divine within themselves (ਨਾਨਕ ਤਿਨ ਕੈ ਸਦ ਬਲਿਹਾਰੀ naanak tin kai sadh balihaaree). These enlightened individuals immerse themselves fully in the divine discourse, an ongoing contemplation of God's virtues and the spiritual methods for embodying them (ਜਿਨ ਏਕ ਸਬਦਿ ਲਿਵ ਲਾਈ jin ek sabadh liv laiee). Through steady reflection, they come to realize that God resides not in distant realms, but within their own consciousness and thought processes.

They are able to realize God within (ਮਨ ਮਹਿ ਜੋਤਿ man meh jot) and their mindset remains effortlessly attuned to the Creator (ਜੋਤਿ ਮਹਿ ਮਨੂਆ jot meh manooaa). This attunement empowers them with mastery over their senses, granting them unwavering restraint and shielding them from the worldly vices (ਪੰਚ ਮਿਲੇ ਗੁਰ ਭਾਈ pa(n)ch mile gur bhaiee).

Conclusion

Within this Shabd, Guru Ji uses all four verses to expand the central truth expressed in the Rahao that is: the Creator lives within creation and realizing this unity/connection leads to liberation and the highest spiritual fulfillment. Verse 1 introduces this oneness directly, while the Rahao explains that contemplating such divine truths frees the seeker. Verse 2 shows how the natural rhythms of the world, day and night, heat and cold, are all expressions of the Divine order, realizable only through the Guru's wisdom. Verse 3 deepens this by pointing to the Creator's presence in life's cycles and relationships, affirming that spiritual realization unfolds through inner awareness guided by the Guru. Verse 4 concludes by describing those enlightened beings who have fully absorbed Naam (Divine Virtues) and detached from worldly entanglements; through the Guru's grace, they embody the balance, clarity, and divine awareness that the Rahao urges every seeker to cultivate.

ਕੰਵਰ ਦੀ ਕਲਮ ਤੋਂ....



ਨਰਕ ਸਵਰਗ

ਐਡਵੋਕੇਟ ਸੁਰਿੰਦਰ ਸਿੰਘ ਕੰਵਰ
E-mail- kanwar238@yahoo.com

ਸਾਰੀ ਦੁਨੀਆਂ ਵਿੱਚ ਕਰੀਬ-ਕਰੀਬ ਜਿਤਨੇ ਵੀ ਮਜ਼ਹਬ ਜਾਂ ਧਰਮ ਹਨ ਲਗਭਗ ਸਾਰੇ ਹੀ ਇਹ ਪ੍ਰਚਾਰਦੇ ਅਤੇ ਵਿਸ਼ਵਾਸ ਦਿਵਾਉਂਦੇ ਹਨ ਕਿ ਰੱਬ ਜੀ ਨੇ ਇਕ ਨਰਕ ਬਣਾ ਕੇ ਰੱਖਿਆ ਹੈ, ਜਿੱਥੇ ਉਨ੍ਹਾਂ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ ਜੋ ਇਸ ਦੁਨੀਆਂ ਵਿੱਚ ਪਾਪ ਕਰਦੇ ਹਨ ਜਾਂ ਕੋਈ ਬੁਰੇ ਕੰਮ ਕਰਦੇ ਹਨ। ਇਸੇ ਤਰ੍ਹਾਂ ਇਹ ਸਮਝਾਇਆ ਜਾਂਦਾ ਹੈ ਕਿ ਰੱਬ ਨੇ ਇੱਕ ਸਵਰਗ ਵੀ ਬਣਾ ਰੱਖਿਆ ਹੈ ਜਿੱਥੇ ਸਵਰਗਵਾਸੀਆਂ ਨੂੰ ਬਹੁਤ ਸੁਖ ਦਿੱਤੇ ਜਾਂਦੇ ਹਨ ਅਤੇ ਮੌਜਾਂ ਕਰਾਈਆਂ ਜਾਂਦੀਆਂ ਹਨ।

ਇਸੇ ਤਰ੍ਹਾਂ ਇਹ ਧਾਰਨਾਵਾਂ ਵੀ ਬਣਾ ਰੱਖੀਆਂ ਹਨ, ਕਿ ਇਸ ਦੁਨੀਆਂ ਵਿੱਚ ਹਰ ਕਿਸੇ ਤੋਂ ਐਸੇ ਕਰਮ ਹੋ ਹੀ ਜਾਂਦੇ ਹਨ ਜਿਨ੍ਹਾਂ ਕਾਰਨ ਹਰ ਕਿਸੇ ਨੂੰ ਨਰਕ ਦੀ ਸਜ਼ਾ ਭੁਗਤਨੀ ਹੀ ਪੈਂਦੀ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਨਰਕ ਦੀ ਸਜ਼ਾ ਬਹੁਤ ਕਰੜੀ ਹੁੰਦੀ ਹੈ। ਅੱਗ ਵਿੱਚ ਸਾੜਿਆ ਜਾਂਦਾ ਹੈ ਅਤੇ ਪੁੱਠੇ ਲਟਕਾ ਕੇ ਕੁੱਟਿਆ ਜਾਂਦਾ ਹੈ। ਇਸੇ ਤਰ੍ਹਾਂ ਦੀਆਂ ਹੋਰ ਕਈ ਭਿਆਨਕ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਸੰਬੰਧ ਵਿੱਚ ਬਹੁਤ ਸਾਰੇ ਭਿਆਨਕ ਦ੍ਰਿਸ਼ ਬਣਾ ਕੇ ਵਿਖਾਏ ਜਾਂਦੇ ਹਨ। ਜੋ ਕਲਾਕਾਰ ਨਰਕ-ਸਵਰਗ ਦੇ ਦ੍ਰਿਸ਼ ਬਣਾ ਕੇ ਦਿਖਾਉਂਦੇ ਹਨ, ਉਹ ਇਸ ਤਰ੍ਹਾਂ ਪੇਸ਼ ਕਰਦੇ ਹਨ ਜਿਵੇਂ ਉਹ ਉੱਥੋਂ ਦੇ ਇੰਜੀਨੀਅਰ ਜਾਂ ਠੇਕੇਦਾਰ ਰਹੇ ਹੋਣ।

ਇਹ ਸਭ ਕੁਝ ਸਿੱਧ ਕਰਨ ਲਈ ਧਰਮ ਦੇ ਪੁਜਾਰੀ ਬਹੁਤ ਸਾਰੀਆਂ ਕਹਾਣੀਆਂ ਵੀ ਸੁਣਾ ਦਿੰਦੇ ਹਨ। ਆਮ ਲੋਕ ਇਹ ਸਭ ਸੱਚ ਮੰਨ ਲੈਂਦੇ ਹਨ। ਇਸੇ ਲਈ ਉਹ ਧਰਮ ਦੇ ਪੁਜਾਰੀਆਂ ਕੋਲ ਜਾ ਕੇ ਚੜ੍ਹਾਵੇ ਚੜ੍ਹਾਉਂਦੇ ਹਨ ਅਤੇ ਉਨ੍ਹਾਂ ਦੀ ਗੁਲਾਮੀ ਕਰਦੇ ਹਨ ਤਾਂ ਕਿ ਉਨ੍ਹਾਂ ਨੂੰ ਨਰਕ ਦੀ ਸਜ਼ਾ ਤੋਂ ਬਚਾ ਲਿਆ ਜਾਵੇ ਅਤੇ ਕਿਸੇ ਹੀਲੇ-ਵਸੀਲੇ ਨਾਲ ਉਨ੍ਹਾਂ ਲਈ ਸਵਰਗ ਵਿੱਚ ਜਗ੍ਹਾ ਪੱਕੀ ਕਰਵਾ ਦਿੱਤੀ ਜਾਵੇ। ਇਸ ਤਰ੍ਹਾਂ ਦੀਆਂ ਧਾਰਨਾਵਾਂ ਨਾਲ ਪੁਜਾਰੀ ਵਰਗ ਨੂੰ ਰੱਬ ਅਤੇ ਮਨੁੱਖ ਦੇ ਵਿਚਕਾਰ ਵਿਚੋਲੇ ਜਾਂ ਧਾਰਮਿਕ ਏਜੰਟ ਵਜੋਂ ਸਥਾਪਿਤ ਕਰਨ ਦੀ ਪ੍ਰਵਿਰਤੀ ਪੈਦਾ ਕਰ ਦਿੱਤੀ ਗਈ ਹੈ। ਪੁਜਾਰੀ ਵਰਗ ਇਸੇ ਆੜ ਵਿੱਚ ਮਾਲਾਮਾਲ ਹੋ ਰਿਹਾ ਹੈ।

ਇਸ ਸੰਬੰਧ ਵਿੱਚ ਇਕ ਸ਼ਾਇਰ (ਅਕਬਰ ਇਲਾਹਾਬਾਦੀ) ਨੇ ਬਹੁਤ ਸੁੰਦਰ ਕੁਝ ਇਸ ਤਰ੍ਹਾਂ ਕਿਹਾ ਹੈ;

ਜੰਨਤ ਕੇ ਲਾਲਚ ਮੇਂ ਜੋ ਖੁਦਾ ਕੋ ਯਾਦ ਕਰਤੇ ਹੈਂ, ਇਬਾਦਤ ਨਹੀਂ, ਇਕ ਤਿਜਾਰਤ ਹੈ।
ਦੋਜ਼ਖ਼ ਕੇ ਡਰ ਸੇ ਜੋ ਖੁਦਾ ਕਾ ਨਾਮ ਲੇਤੇ ਹੈਂ, ਬੰਦਗੀ ਨਹੀਂ ਇਕ ਖੁਸ਼ਾਮਦ ਹੈ।

ਨਰਕ-ਸਵਰਗ ਦਾ ਵਿਸ਼ਾ ਇੱਕ ਧਾਰਮਿਕ ਵਿਸ਼ਾ ਹੈ। ਇਸ ਲਈ ਇਸ ਵਿਸ਼ੇ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਬਾਣੀ ਦੇ ਆਧਾਰ 'ਤੇ ਵੀ ਪਰਖ ਲੈਣਾ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਇਸ ਗ੍ਰੰਥ ਦੀ ਰਚਣਾ ਮਨੁੱਖੀ ਧਰਮ ਨੂੰ ਮੁੱਖ ਰੱਖਦਿਆਂ ਹੀ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਨਰਕ ਸਵਰਗ ਦੇ ਸੰਕਲਪ ਦਾ ਉਲੇਖ ਬੜੇ ਵਿਸਥਾਰ ਨਾਲ ਕੀਤਾ ਗਿਆ ਹੈ। ਇੱਥੇ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਗੁਰਬਾਣੀ ਹਰ ਵਿਸ਼ੇ ਨੂੰ ਬਿਬੇਕ-ਬੁੱਧ ਨਾਲ ਤਰਕ ਦੇ ਆਧਾਰ 'ਤੇ ਵਿਚਾਰ ਕਰਨ ਲਈ ਪ੍ਰੇਰਦੀ ਹੈ। ਗੁਰਬਾਣੀ ਦੇ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰਬਾਣੀ ਵਿੱਚ ਨਰਕ-ਸਵਰਗ ਨੂੰ ਮਨ ਦੀ ਅਵਸਥਾ ਨਾਲ ਜੋੜ ਕੇ ਦਰਸਾਇਆ ਗਿਆ ਹੈ। ਇਨ੍ਹਾਂ ਸ਼ਬਦਾਂ ਦੀ ਵਰਤੋਂ ਕਈ ਥਾਵਾਂ 'ਤੇ ਪ੍ਰਤੀਕਾਤਮਕ ਰੂਪ ਵਿੱਚ ਕੀਤੀ ਗਈ ਹੈ। ਕਿਤੇ ਅਸਮਾਨ ਵਿੱਚ ਨਰਕ-ਸਵਰਗ ਹੋਣ ਦੀ ਪੁਸ਼ਟੀ ਨਹੀਂ ਕੀਤੀ ਗਈ। ਗੁਰਬਾਣੀ ਦੇ ਅਧਿਐਨ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਜੇਕਰ ਜ਼ਿੰਦਗੀ ਸੁਚੱਜੇ ਗੁਣਾਂ ਦੇ ਆਧਾਰ 'ਤੇ ਬਤੀਤ ਕੀਤੀ ਜਾਵੇ ਤਾਂ ਕਿਸੇ ਨਰਕ ਦਾ ਡਰ ਨਹੀਂ ਰਹਿੰਦਾ ਅਤੇ ਨਾ ਹੀ ਸਵਰਗ ਜਾਣ ਦੀ ਮੁਥਾਜੀ ਰਹਿੰਦੀ ਹੈ। ਗੁਰਬਾਣੀ ਦਾ ਫ਼ਰਮਾਣ ਹੈ:

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥ (ਗੁਰੂ ਗ੍ਰੰਥ ਸਾਹਿਬ ਪੰਨਾ ੯੬੯)

ਇਸ ਤਰ੍ਹਾਂ ਇਹ ਸਮਝਾਇਆ ਗਿਆ ਹੈ ਕਿ ਸੰਤਾਂ ਨੇ ਨਰਕ ਅਤੇ ਸਵਰਗ ਦੋਵਾਂ ਨੂੰ ਰੱਦ ਕਰ ਦਿੱਤਾ ਹੈ। ਇੱਥੇ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਸੰਤ ਤੋਂ ਭਾਵ ਇਹ ਨਹੀਂ ਕਿ ਜੋ ਬਹੁਤ ਪਾਠ ਪੂਜਾ ਕਰਦਾ ਹੋਵੇ, ਜਾਂ ਜਿਸ ਕਿਸੇ ਨੇ ਖਾਸ ਕਿਸਮ ਦੀ ਵੇਸ-ਭੂਸ਼ਾ ਧਾਰਨ ਕੀਤੀ ਹੋਵੇ। ਗੁਰਬਾਣੀ ਵਿੱਚ ਸੰਤ ਸ਼ਬਦ ਸੰਤ-ਬਿਰਤੀ ਵਾਲੇ ਵਿਅਕਤੀ ਲਈ ਵਰਤਿਆ ਗਿਆ ਹੈ। ਸੰਤ-ਬਿਰਤੀ ਉਸ ਦੀ ਹੁੰਦੀ ਹੈ ਜਿਸ ਦੇ ਮਨ ਵਿੱਚ ਨਿਮਰਤਾ, ਸਹਿਣਸ਼ੀਲਤਾ, ਧੀਰਜ, ਸਬਰ, ਸੰਤੋਖ ਵਰਗੇ ਸੁਚੱਜੇ ਗੁਣ ਹੋਣ। ਐਸੇ ਵਿਅਕਤੀ ਗੁਣਵਾਨ ਅਤੇ ਸੂਝਵਾਨ ਹੁੰਦੇ ਹਨ। ਉਨ੍ਹਾਂ ਨੂੰ ਬੁਰੇ-ਭਲੇ ਦੀ ਪਛਾਣ ਹੁੰਦੀ ਹੈ। ਐਸੇ ਵਿਅਕਤੀ ਵਿਚਾਰਸ਼ੀਲ ਅਤੇ ਸੂਝਵਾਨ ਹੁੰਦੇ ਹਨ। ਐਸੇ ਗੁਰਣਵਾਨ ਅਤੇ ਗਿਆਨਵਾਨ ਵਿਅਕਤੀਆਂ ਦੀ

ਸੋਚ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਹੀ ਕਿਹਾ ਗਿਆ ਹੈ: "ਕਵਨੁ ਨਰਕੁ ਕਿਆ ਸੁਰਗੁ ਬਿਚਾਰਾ" ਇਨ੍ਹਾਂ ਸੂਝਵਾਨ ਵਿਅਕਤੀਆਂ ਨੇ ਨਰਕ-ਸਵਰਗ ਸੰਬੰਧੀ ਜੋ ਧਾਰਨਾ ਬਣੀ ਹੋਈ ਸੀ, ਉਸ ਸੰਬੰਧ ਵਿੱਚ ਵਿਚਾਰ ਕੀਤੀ। ਵਿਚਾਰ ਦੇ ਸਿੱਟੇ ਵਜੋਂ: "ਸੰਤਨ ਦੋਊ ਰਾਦੇ" ਭਾਵ ਐਸੇ ਸੂਝਵਾਨ ਵਿਅਕਤੀਆਂ ਨੇ ਸੋਚ-ਵਿਚਾਰ ਕਰਨ ਤੋਂ ਬਾਅਦ, ਨਰਕ-ਸਵਰਗ ਵਾਲੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਅਰਥਾਤ ਸੰਤ-ਜਨਾਂ ਨੇ ਕਿਸੇ ਅਸਮਾਨ ਵਿੱਚ ਸਥਾਪਤ ਨਰਕ ਅਤੇ ਸਵਰਗ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ। ਇਸ ਧਾਰਨਾ ਕਾਰਨ ਹੀ ਨਰਕ ਦੇ ਡਰ ਅਤੇ ਸਵਰਗ ਦੀ ਲਾਲਸਾ ਦੋਵਾਂ ਤੋਂ ਮੁਕਤੀ ਪਾ ਲਈ ਹੈ। ਗੁਰਬਾਣੀ ਰਾਹੀਂ ਨਰਕ ਦੀ ਧਾਰਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜ਼ਕ ਕੈ ਸੂਲਿ॥ (ਗੁਰੂ ਗ੍ਰੰਥ ਸਾਹਿਬ ਪੰਨਾ ੩੨੨)

ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਇਸ ਦੇ ਅਰਥ ਇਸ ਤਰ੍ਹਾਂ ਕੀਤੇ ਹਨ: {ਜੋ ਮਨੁੱਖ ਪ੍ਰਭੂ ਨੂੰ ਵਿਸਾਰ ਦੇਂਦੇ ਹਨ ਉਹ ਮੰਦ-ਕਰਮੀ (ਹੋ ਕੇ) ਦੋਜ਼ਖ ਦੀ ਅਸਹ ਪੀੜ ਵਿੱਚ ਪੈਂਦੇ ਹਨ (ਭਾਵ ਪੀੜ ਨਾਲ ਤੜਫਦੇ ਹਨ}। ਪਰ ਜੇ ਇਸ ਨੂੰ ਹੋਰ ਵਿਸਥਾਰ ਵਿੱਚ ਸਮਝੀਏ ਤਾਂ 'ਹਰਿ ਛੋਡਨਿ' ਦੇ ਅਰਥ ਇਸ ਤਰ੍ਹਾਂ ਸਮਝ ਆਉਂਦੇ ਹਨ: 'ਹਰਿ' ਸ਼ਬਦ ਪਰਮਾਤਮਾ ਲਈ ਵਰਤਿਆ ਗਿਆ ਹੈ। ਹੁਣ ਕਿਉਂਕਿ ਗੁਰਬਾਣੀ ਦੀ ਵਿਚਾਰਧਾਰਾ ਅਨੁਸਾਰ ਪਰਮਾਤਮਾ ਦਾ ਕੋਈ ਰੂਪ, ਰੰਗ ਜਾਂ ਰੇਖ ਨਹੀਂ ਹੈ ਇਸ ਲਈ ਪਰਮਾਤਮਾ ਦੀ ਹੋਂਦ ਕੇਵਲ ਉਸ ਦੀਆਂ ਵਿਸ਼ੇਸ਼ਤਾਈਆਂ ਤੋਂ ਹੀ ਹੋ ਸਕਦੀ ਹੈ। ਇਨ੍ਹਾਂ ਵਿਸ਼ੇਸ਼ਤਾਈਆਂ ਵਿਚੋਂ ਇੱਕ ਵਿਸ਼ੇਸ਼ਤਾਂ ਇਹ ਹੈ ਕਿ ਪਰਮਾਤਮਾ ਗੁਣੀ ਨਿਧਾਨ ਹੈ। ਭਾਵ ਪਰਮਾਤਮਾ ਬੇਅੰਤ ਗੁਣਾਂ ਦਾ ਖ਼ਜ਼ਾਨਾ ਹੈ। ਜਿਵੇਂ ਕਿ ਗੁਰਬਾਣੀ ਦਾ ਫ਼ਰਮਾਨ ਹੈ:

ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ॥ (ਗੁਰੂ ਗ੍ਰੰਥ ਸਾਹਿਬ ਪੰਨਾ ੩੨)

ਇਸ ਆਧਾਰ ਤੇ ਇਸ ਪੰਗਤੀ ਰਾਹੀਂ ਇਹ ਸਮਝਾਇਆ ਹੈ ਕਿ ਗੋਵਿਦੁ ਅਰਥਾਤ ਪਰਮਾਤਮਾ ਬੇਅੰਤ ਗੁਣਾਂ ਦੇ ਖ਼ਜ਼ਾਨੇ ਦਾ ਪ੍ਰਤੀਕ ਹੈ। ਇਸ ਅਨੁਸਾਰ ਇਹ ਸਮਝ ਆਉਂਦੀ ਹੈ ਕਿ ਜਿਸ ਹਿਰਦੇ ਵਿੱਚ ਸੁਚੱਜੇ ਰੱਬੀ ਗੁਣਾਂ ਦਾ ਵਾਸਾ ਹੁੰਦਾ ਹੈ ਤਾਂ ਇਹ ਉਸ ਹਿਰਦੇ ਵਿੱਚ ਪਰਮਾਤਮਾ ਦੀ ਹੋਂਦ ਹੋਣ ਦੇ ਤੁਲ ਹੈ। ਇਸ ਆਧਾਰ 'ਤੇ "ਹਰਿ ਛੋਡਨਿ" ਤੋਂ ਭਾਵ ਹੈ ਹਰੀ ਜਾਂ ਪਰਮਾਤਮਾ ਨੂੰ ਛੱਡ ਦੇਣਾ ਜਾਂ ਵਿਸਾਰ ਦੇਣਾ। ਪਰਮਾਤਮਾ ਵਿਸਾਰਨ ਨਾਲ ਪਰਮਾਤਮਾ ਭਾਵ ਰੱਬੀ ਗੁਣ ਵੀ ਵਿਸਾਰੇ ਜਾਂਦੇ ਹਨ। ਜਦੋਂ ਰੱਬੀ ਗੁਣ ਵਿਸਾਰੇ ਜਾਂਦੇ ਹਨ ਤਾਂ ਅਉਗੁਣ ਪੈਦਾ ਹੋ ਜਾਂਦੇ ਹਨ। ਅਉਗੁਣਾਂ ਕਾਰਨ ਕਰਮ ਵੀ ਮਾੜੇ ਹੋ ਜਾਂਦੇ ਹਨ। ਐਸੇ ਵਿਅਕਤੀ ਨੂੰ ਦੁਰਜਨ ਕਿਹਾ ਜਾਂਦਾ ਹੈ। ਇਸ ਆਧਾਰ 'ਤੇ "ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜ਼ਕ ਕੈ ਸੂਲਿ" ਦੇ ਅਰਥ ਇਸ ਤਰ੍ਹਾਂ ਸਮਝ ਆਉਂਦੇ ਹਨ: ਜੋ ਵਿਅਕਤੀ ਸੁਚੱਜੇ ਗੁਣ ਛੱਡ ਦਿੰਦਾ ਹੈ, ਉਸ ਦੇ ਕਰਮ ਬੁਰੇ ਹੋ ਜਾਂਦੇ ਹਨ, ਉਹ ਦੁਰਜਨ ਹੁੰਦਾ ਹੈ। ਫਿਰ ਇਹ ਮਨੋਵਿਗਿਆਨਕ ਸੱਚਾਈ ਹੈ ਕਿ ਬੁਰੇ ਕਰਮਾਂ ਕਾਰਨ ਮਨੁੱਖ ਨੂੰ ਆਪਣੀ ਦੋਸ਼ੀ ਜ਼ਮੀਰ ਦਾ ਅਹਿਸਾਸ ਜ਼ਰੂਰ ਹੁੰਦਾ ਹੈ। ਇਹ ਦੋਸ਼ੀ ਜ਼ਮੀਰ ਉਸ ਅੰਦਰ ਕੰਡੇ ਦੀ ਤਰ੍ਹਾਂ ਚੁਭਣ ਪੈਦਾ ਕਰੀ ਰੱਖਦੀ ਹੈ ਜਿਸ ਨੂੰ "ਪੜਹਿ ਦੋਜ਼ਕ ਕੈ ਸੂਲਿ" ਕਿਹਾ ਹੈ। ਇਸ ਪੀੜ ਨਾਲ ਉਹ ਦੁਖੀ ਰਹਿੰਦਾ ਹੈ। ਇਹੀ ਨਰਕ ਦੀ ਸਜ਼ਾ ਦਾ ਪ੍ਰਤੀਕ ਹੈ। ਇਸ ਤਰ੍ਹਾਂ ਦੁਰਜਨ ਆਪਣੇ ਬੁਰੇ ਕਰਮਾਂ ਦੀ ਸਜ਼ਾ ਇੱਥੇ ਇਸੇ ਦੁਨੀਆਂ ਭੁਗਤ ਰਿਹਾ ਹੁੰਦਾ ਹੈ, ਕਿਸੇ ਅਸਮਾਨ ਵਿੱਚ ਬਣੇ ਨਰਕ ਵਿੱਚ ਜਾ ਕੇ ਸਜ਼ਾ ਭੁਗਤਣ ਦੀ ਗੱਲ ਨਹੀਂ ਕੀਤੀ ਗਈ। ਇਸ ਤਰ੍ਹਾਂ ਗੁਰਬਾਣੀ ਰਾਹੀਂ ਨਰਕ-ਸਵਰਗ ਨੂੰ ਮਨ ਦੀ ਅਵਸਥਾ ਨਾਲ ਜੋੜ ਕੇ ਸਮਝਾਇਆ ਹੈ।

ਮਨ ਦੀ ਅਵਸਥਾ ਨੂੰ ਇਕ ਗਾਥਾ ਰਾਹੀਂ ਵੀ ਸਮਝ ਸਕਦੇ ਹਾਂ: ਕਹਿੰਦੇ ਹਨ ਕਿ ਇਕ ਜਗ੍ਹਾ ਇੱਕ ਮਹਾਤਮਾ ਰਹਿੰਦਾ ਸੀ। ਉਸ ਦੀ ਬਹੁਤ ਮਹਾਨਤਾ ਸੀ। ਦੂਰ-ਦੂਰ ਤੋਂ ਲੋਕ ਉਸ ਦੇ ਪ੍ਰਵਚਨ ਸੁਣਨ ਲਈ ਆਉਂਦੇ ਸਨ। ਇੱਕ ਦਿਨ ਇੱਕ ਵਿਅਕਤੀ ਨੇ ਉਸ ਮਹਾਤਮਾ ਨੂੰ ਨਰਕ-ਸਵਰਗ ਬਾਰੇ ਪੁਛਿਆ ਅਤੇ ਕਿਹਾ- "ਕੀ ਤੁਸੀਂ ਮੈਨੂੰ ਨਰਕ ਸਵਰਗ ਦਿਖਾ ਸਕਦੇ ਹੋ?" ਮਹਾਤਮਾ ਨੇ ਕਿਹਾ: "ਹਾਂ, ਮੈਂ ਤੈਨੂੰ ਨਰਕ ਤੇ ਸਵਰਗ ਦਿਖਾ ਸਕਦਾ ਹਾਂ"। ਉਸ ਵਿਅਕਤੀ ਨੇ ਪੁੱਛਿਆ "ਉਹ ਕਿੱਥੇ ਹਨ ਅਤੇ ਉੱਥੇ ਕਦੋਂ ਜਾਣਾ ਹੋਵੇਗਾ?" ਮਹਾਤਮਾ ਨੇ ਕਿਹਾ, "ਕਿਤੇ ਜਾਣ ਦੀ ਲੋੜ ਨਹੀਂ, ਮੈਂ ਇੱਥੇ ਹੀ ਤੈਨੂੰ ਵਿਖਾ ਦਿਆਂਗਾ"। ਵਿਅਕਤੀ ਬਹੁਤ ਹੈਰਾਨ ਸੀ ਤੇ ਉਤਸੁਕ ਹੋ ਕੇ ਕਹਿਣ ਲੱਗਾ, "ਠੀਕ ਹੈ, ਦਿਖਾਓ ਫੇਰ"।

ਮਹਾਤਮਾ ਨੇ ਉਸ ਨੂੰ ਥੋੜ੍ਹੀ ਦੇਰ ਇੰਤਜ਼ਾਰ ਕਰਨ ਲਈ ਕਿਹਾ। ਕਾਫੀ ਸਮਾਂ ਬੀਤ ਗਿਆ, ਕਈ ਵਾਰ ਪੁੱਛਣ 'ਤੇ ਮਹਾਤਮਾ ਹਰ ਵਾਰ ਉਸ ਨੂੰ ਹੋਰ ਇੰਤਜ਼ਾਰ ਕਰਨ ਲਈ ਕਹਿੰਦੇ ਰਹੇ। ਇਸ ਤਰ੍ਹਾਂ ਬਹੁਤ ਸਮਾਂ ਇੰਤਜ਼ਾਰ ਕਰਨ ਦੇ ਬਾਅਦ ਉਹ ਵਿਅਕਤੀ ਸੋਚਣ ਲੱਗਾ ਕਿ ਇਸ ਮਹਾਤਮਾ ਨੂੰ ਕੁਝ ਪਤਾ ਨਹੀਂ ਅਤੇ ਉਹ ਲੋਕਾਂ ਨੂੰ ਮੂਰਖ ਬਣਾਉਂਦਾ ਹੈ, ਇਸੇ ਤਰ੍ਹਾਂ ਮੈਨੂੰ ਵੀ ਮੂਰਖ ਬਣਾ ਰਿਹਾ ਹੈ। ਹੁਣ ਉਸ ਵਿਅਕਤੀ ਦਾ ਸਬਰ ਖਤਮ ਹੋ ਚੁੱਕਾ ਸੀ। ਉਹ ਬਹੁਤ ਕ੍ਰੋਧਿਤ ਹੋ ਗਿਆ ਅਤੇ ਅਪਸ਼ਬਦ ਬੋਲਣ ਲੱਗਾ ਅਤੇ ਨਾਲ ਹੀ ਮਹਾਤਮਾ ਨੂੰ ਮਾਰਨ ਵਾਸਤੇ ਉੱਠ ਖਲੋਤਾ।

ਮਹਾਤਮਾ ਨੇ ਕਿਹਾ, "ਬਸ, ਵੇਖ ਲੈ, ਇਹੀ ਨਰਕ ਹੈ। ਇਸ ਵੇਲੇ ਤੂੰ ਨਰਕ ਵਿੱਚ ਹੈਂ। ਤੂੰ ਆਪਣੇ ਅੰਦਰ ਕ੍ਰੋਧ ਦੀ ਪੀੜ ਮਹਿਸੂਸ ਕਰ ਸਕਦਾ ਹੈਂ। ਇਹ ਕ੍ਰੋਧ ਦੀ ਅੱਗ ਵਿੱਚ ਸੜਨਾ ਹੈ। ਇਸੇ ਨੂੰ ਨਰਕ ਦੀ ਸਜ਼ਾ ਆਖਦੇ ਹਨ"। ਉਹ ਵਿਅਕਤੀ ਕੁਝ ਸਮਝਦਾਰ ਸੀ। ਇਹ ਸੁਣ ਕੇ ਉਸ ਨੂੰ ਆਪਣੀ ਅਵਸਥਾ ਦਾ ਅਹਿਸਾਸ ਹੋ ਗਿਆ। ਉਸ ਨੂੰ ਜੋ ਪੀੜਾ ਅਤੇ ਦੁੱਖ ਮਹਿਸੂਸ ਹੋਇਆ, ਉਹ ਨਰਕ ਹੀ ਸੀ। ਇਹ ਸਮਝ ਕੇ ਉਸ ਦਾ ਗੁੱਸਾ ਠੰਢਾ ਹੋ ਗਿਆ ਅਤੇ ਉਹ ਬੜੀ ਨਿਮਰਤਾ ਨਾਲ ਮਹਾਤਮਾ ਪਾਸੋਂ ਮੁਆਫ਼ੀ ਮੰਗਣ ਲੱਗਾ। ਉਹ ਹੁਣ ਪੂਰੀ ਤਰ੍ਹਾਂ ਸ਼ਾਂਤ ਸੀ ਅਤੇ ਨਿਮਰਤਾ ਨਾਲ ਭਰਿਆ ਹੋਇਆ ਸੀ। ਮਹਾਤਮਾ ਨੇ ਕਿਹਾ, "ਬਸ ਇਹੀ ਸਵਰਗ ਹੈ। ਹੁਣ ਤੂੰ ਸਵਰਗ ਵਿੱਚ ਹੈਂ"।ਜਦੋਂ ਮਨ ਸ਼ਾਂਤ ਹੈ, ਉਸ ਵਕਤ ਸੁਖ ਹੈ। ਜਿੱਥੇ ਸੁਖ ਹੈ, ਉਹੀ ਸਵਰਗ ਹੈ।

ਵਿਅਕਤੀ ਨੂੰ ਸਮਝ ਆ ਗਈ ਕਿ ਮਰਨ ਤੋਂ ਬਾਅਦ ਸਜ਼ਾ ਭੁਗਤਣ ਵਾਸਤੇ ਨਰਕ ਵਿੱਚ ਨਹੀਂ ਜਾਣਾ ਹੁੰਦਾ। ਇਹ ਤਾਂ ਮਨ ਦੀ ਅਵਸਥਾ ਹੀ ਹੈ। ਇੱਥੇ ਹੀ, ਉਸੇ ਵੇਲੇ, ਸਜ਼ਾ ਮਿਲ ਜਾਂਦੀ ਹੈ। ਇਸੇ ਤਰ੍ਹਾਂ ਸਵਰਗ ਵੀ ਆਪਣੇ ਸੁਭਾਅ ਅਤੇ ਮਨ ਦੀ ਅਵਸਥਾ ਹੀ ਹੈ। ਜੇ ਮਨ ਸ਼ਾਂਤ ਹੈ ਤਾਂ ਉੱਥੇ ਸੁਖ ਹੈ। ਜਿੱਥੇ ਸੁਖ ਹੈ ਉਹੀ ਸਵਰਗ ਦਾ ਅਨੰਦ ਹੈ। ਗੁਰਬਾਣੀ ਵਿੱਚ ਸੁਖਮਨੀ ਸਾਹਿਬ ਦੀ ੧੨ਵੀਂ ਅਸ਼ਟਪਦੀ ਵਿੱਚ ਇਸ ਤਰ੍ਹਾਂ ਵੀ ਦਰਸਾਇਆ ਹੈ: ਜਿਵੇਂ:

ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥ (ਗੁਰੂ ਗ੍ਰੰਥ ਸਾਹਿਬ ਪੰਨਾ ੨੭੮)

ਇਸ ਪੰਗਤੀ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਜਿਸ ਦੇ ਮਨ ਵਿੱਚ ਆਪਣੀ ਪਦਵੀ ਦਾ, ਜਾਂ ਕਿਸੇ ਵੀ ਗੱਲ ਦਾ ਹੰਕਾਰ ਹੁੰਦਾ ਹੈ ਉਸ ਦਾ ਜੀਵਨ ਨਰਕ ਦੇ ਕੁੱਤੇ ਦੀ ਤਰ੍ਹਾਂ ਹੁੰਦਾ ਹੈ। ਹੰਕਾਰ ਇੱਕ ਦੀਰਘ ਰੋਗ ਹੈ। ਹੰਕਾਰ ਮਨੁੱਖ ਨੂੰ ਕਈ ਤਰ੍ਹਾਂ ਨਾਲ ਦੁੱਖ ਦਿੰਦਾ ਹੈ। ਇਸ ਤਰ੍ਹਾਂ ਉਹ ਨਰਕ ਵਾਲੀ ਪੀੜ ਇੱਥੇ ਹੀ ਭੋਗ ਰਿਹਾ ਹੁੰਦਾ ਹੈ।

ਬ੍ਰਾਹਮਣਵਾਦ ਨੇ ਇੱਕ ਧਾਰਨਾ ਇਹ ਬਣਾ ਰੱਖੀ ਸੀ ਕਿ ਜੇਕਰ ਕੋਈ ਬਨਾਰਸ ਵਿੱਚ ਮਰੇ ਤਾਂ ਉਹ ਨਰਕ ਵਿੱਚ ਨਹੀਂ ਜਾਂਦਾ। ਇਸ ਦੇ ਉਲਟ ਜੇਕਰ ਕੋਈ ਹਾੜੰਬੈ ਜਾ ਕੇ ਮਰੇ ਤਾਂ ਉਹ ਨਰਕ ਵਿੱਚ ਜਾਂਦਾ ਹੈ। ਇਸ ਧਾਰਨਾ ਨੂੰ ਨਕਾਰਦੇ ਹੋਏ ਗੁਰਬਾਣੀ ਦਾ ਫ਼ਰਮਾਨ ਹੈ:

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ॥ ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ॥
(ਗੁਰੂ ਗ੍ਰੰਥ ਸਾਹਿਬ ਪੰਨਾ ੪੮੪)

ਇਸ ਸਲੋਕ ਰਾਹੀਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਮਨੁੱਖ ਕਾਸ਼ੀ (ਬਾਨਾਰਸ) ਵਿੱਚ ਸਰੀਰ ਤਿਆਗੇ ਪਰ ਮਨੋਂ ਕਠੋਰ ਹੋਵੇ ਭਾਵ ਮਨ ਸਾਫ਼ ਨਾ ਹੋਵੇ, ਮਨ ਵਿੱਚ ਪਾਪ, ਖੋਟ, ਈਰਖਾ, ਹੰਕਾਰ ਵਰਗੇ ਦੋਸ਼ ਹੋਣ, ਤਾਂ ਉਹ ਵਿਅਕਤੀ ਨਰਕ ਦੀ ਮਾਰ ਤੋਂ ਬਚ ਨਹੀਂ ਸਕਦਾ। ਗੁਰਬਾਣੀ ਅਨੁਸਾਰ ਜੇਕਰ 'ਹਰਿ ਕਾ ਸੰਤੁ' ਭਾਵ ਸਤਿਗੁਰ ਦੀ ਸੁਚੱਜੀ ਮੱਤ ਲੈਣ ਵਾਲਾ, ਚੰਗੇ ਗੁਣਾਂ ਵਾਲਾ, ਸੋਝੀ ਰੱਖਣ ਵਾਲਾ ਗਿਆਨਵਾਨ ਵਿਅਕਤੀ ਹੋਵੇ, ਉਹ ਭਾਂਵੇਂ ਮਗਹਰ ਜਿਸ ਨੂੰ ਹਾੜੰਬੈ ਵੀ ਕਿਹਾ ਜਾਂਦਾ ਹੈ ਐਸੀ ਸਰਾਪੀ ਹੋਈ ਧਰਤੀ ਵਿੱਚ ਭੀ ਜਾ ਕੇ ਮਰੇ, ਤਾਂ ਉਹ ਨਾ ਕੇਵਲ ਆਪ ਤਰਦਾ ਹੈ ਸਗੋਂ ਆਪਣੇ ਸਾਥੀਆਂ ਨੂੰ ਤਾਰ ਲੈਂਦਾ ਹੈ। ਇਸ ਦਾ ਭਾਵ ਇਹ ਹੈ ਕਿ ਚੰਗੇ ਗਿਆਨ ਅਤੇ ਗੁਣਾਂ ਕਾਰਨ ਐਸੇ ਵਿਅਕਤੀ ਦਾ ਜਿੱਥੇ ਆਪਣਾ ਮਨ ਸ਼ਾਂਤ ਹੁੰਦਾ ਹੈ ਉੱਥੇ ਹੋਰਨਾਂ ਨੂੰ ਵੀ ਸੁਖੀ ਕਰਦਾ ਹੈ। ਐਸਾ ਵਿਅਕਤੀ ਸੁਖ-ਸ਼ਾਂਤੀ ਦਾ ਮਾਹੌਲ ਪੈਦਾ ਕਰਦਾ ਹੈ। ਇਹੀ ਸਵਰਗ ਹੈ। ਜੇਕਰ ਕੋਈ ਸਵਰਗ ਵਿੱਚ ਜਾਣ ਦੀ ਇੱਛਾ ਕਾਰਨ ਅਰਥਹੀਣ ਕਰਮਕਾਂਡਾਂ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ ਤਾਂ ਉਸ ਨੂੰ ਗੁਰਬਾਣੀ ਸਮਝਾਉਂਦੀ ਹੈ:

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥ (ਗੁਰੂ ਗ੍ਰੰਥ ਸਾਹਿਬ ਪੰਨਾ ੪੮੪)

ਜੇਕਰ ਮਨ ਵਿੱਚ ਮੈਲ ਹੈ, ਈਰਖਾ, ਕ੍ਰੋਧ, ਵੈਰ-ਵਿਰੋਧ ਵਰਗੇ ਬੁਰੇ ਵਿਚਾਰ ਹਨ ਤਾਂ ਉਹ ਜਿੰਨੇ ਮਰਜ਼ੀ ਤੀਰਥਾਂ 'ਤੇ ਜਾਵੇ ਜਿੰਨੇ ਮਰਜ਼ੀ ਪਾਠ-ਪੂਜਾ ਕਰੇ, ਇਨ੍ਹਾਂ ਕਰਮਕਾਂਡਾਂ ਨਾਲ ਉਹ ਸਵਰਗ ਨਹੀਂ ਜਾ ਸਕਦਾ। ਫਿਰ ਨਰਕ ਵਾਲੀ ਪੀੜ ਤੋਂ ਬਚਣ ਲਈ ਅਤੇ ਸਵਰਗ ਦਾ ਸੁਖ ਮਾਨਣ ਲਈ ਇਸ ਤਰ੍ਹਾਂ ਵੀ ਸਮਝਾਇਆ ਹੈ:

ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥ (ਗੁਰੂ ਗ੍ਰੰਥ ਸਾਹਿਬ ਪੰਨਾ ੪੬੫)

ਇਸ ਸਲੋਕ ਦੇ ਭਾਵਅਰਥ ਸਮਝਣ ਤੋਂ ਪਹਿਲਾਂ ਇਹ ਪਰਤੱਖ ਹੋਣਾ ਚਾਹੀਦਾ ਹੈ ਕਿ ਗੁਰਬਾਣੀ ਵਿੱਚ ਆਏ ਸ਼ਬਦ: 'ਨਾਮ', 'ਨਾਉ', 'ਨਾਇ' ਆਦਿ ਪਰਮਾਤਮਾ ਅਤੇ ਰੱਬੀ ਅਰਥਾਤ ਸੁਚੱਜੇ ਗੁਣਾਂ ਅਤੇ ਉਨ੍ਹਾਂ ਨਾਲ ਜੁੜੀ ਜੀਵਨ-ਜਾਚ ਦੇ ਸੰਦਰਭ ਵਿੱਚ ਵਰਤੇ ਗਏ ਹਨ। ਇਸ ਆਧਾਰ 'ਤੇ "ਨਾਉ ਤੇਰਾ ਨਿਰੰਕਾਰੁ ਹੈ" ਦਾ ਭਾਵ ਹੈ ਕਿ ਹੇ ਪਰਮਾਤਮਾ ਤੇਰੇ ਗੁਣ ਹੀ ਤੇਰਾ ਨਾਮ ਹੈ। ਫਿਰ "ਨਾਇ ਲਇਐ" ਦਾ ਅਰਥ ਹੋਇਆ ਗੁਣ ਅਪਣਾਈਏ। ਭਾਵ ਸੁਚੱਜੇ ਗੁਣ ਅਪਣਾਉਣ ਨਾਲ। ਇਸ ਅਨੁਸਾਰ "ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥" ਦੇ ਅਰਥ ਇਸ ਤਰ੍ਹਾਂ ਸਪੱਸ਼ਟ ਹੁੰਦੇ ਹਨ: ਜੇਕਰ ਸੁਚੱਜੇ ਗੁਣ ਅਪਣਾ ਲਏ ਜਾਣ ਤਾਂ ਐਸਾ ਵਿਅਕਤੀ ਨਰਕ ਵਿੱਚ ਨਹੀਂ ਜਾਂਦਾ ਅਰਥਾਤ ਉਸ ਨੂੰ ਨਰਕ ਵਾਲੀ ਪੀੜ ਨਹੀਂ ਸਹਾਰਨੀ ਪੈਂਦੀ। ਸੁਭਾਵਿਕ ਹੈ ਕਿ ਸੁਚੱਜੇ ਗੁਣ ਅਪਣਾਉਣ ਨਾਲ ਕਰਮ ਵੀ ਸੁਚੱਜੇ ਹੁੰਦੇ ਹਨ ਅਤੇ ਮਨ ਦੋਸ਼-ਮੁਕਤ ਹੁੰਦਾ ਹੈ। ਇਸੇ ਲਈ ਮਨ ਸ਼ਾਂਤ ਹੁੰਦਾ ਹੈ। ਉਸ ਨੂੰ ਨਰਕ ਵਾਲੇ ਦੁੱਖ ਦੀ ਪੀੜਾ ਨਹੀਂ ਹੁੰਦੀ। ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਪਰਖਣ ਨਾਲ ਵੀ ਇਹ ਵਿਆਖਿਆ ਪੂਰੀ ਠੀਕ ਉਤਰਦੀ ਹੈ।

ਇਸ ਤਰ੍ਹਾਂ ਸਾਰੀ ਵਿਚਾਰ ਦਾ ਸਾਰ ਇਹ ਹੈ ਕਿ ਨਰਕ ਅਤੇ ਸਵਰਗ ਮਨ ਦੀਆਂ ਹੀ ਅਵਸਥਾਵਾਂ ਹਨ। ਬੁਰੇ ਵਿਚਾਰਾਂ ਕਾਰਨ ਜੋ ਪਾਪ ਕੀਤੇ ਜਾਂਦੇ ਹਨ ਉਨ੍ਹਾਂ ਨਾਲ ਆਪਣਾ ਮਨ ਹੀ ਕਲਪਦਾ ਹੈ, ਆਪਣੀ ਦੋਸ਼ੀ ਜ਼ਮੀਰ ਟੁੰਬਦੀ ਰਹਿੰਦੀ ਹੈ ਜੋ ਨਰਕ ਵਾਲੀ ਸਜ਼ਾ ਮਿਲਣ ਦੇ ਤੁਲ ਹੈ। ਇਸ ਦੇ ਉਲਟ ਚੰਗੇ ਗੁਣਾਂ ਨਾਲ ਮਨ ਵਿੱਚ ਸੁਖ-ਸ਼ਾਂਤੀ ਪੈਦਾ ਹੁੰਦੀ ਹੈ ਅਤੇ ਮਨੁੱਖ ਦੇ ਆਚਰਨ ਨਾਲ ਹੋਰਾਂ ਨੂੰ ਵੀ ਸੁਖ ਮਿਲਦਾ ਹੈ। ਇਹੀ ਸਵਰਗ ਹੈ। ਇਹੀ ਮਨੋਵਿਗਿਆਨਕ ਦ੍ਰਿਸ਼ਟੀਕੋਣ ਹੈ।

ਸਪੱਸ਼ਟ ਹੈ ਕਿ ਗੁਰਬਾਣੀ ਵਿੱਚ ਨਰਕ ਅਤੇ ਸਵਰਗ ਨੂੰ ਡਰਾਉਣ ਜਾਂ ਲਾਲਚ ਦੇਣ ਵਾਲੇ ਪਰਲੋਕੀ ਟਿਕਾਣਿਆਂ ਵਜੋਂ ਸਵੀਕਾਰ ਕਰਨ ਦੀ ਬਜਾਏ, ਉਨ੍ਹਾਂ ਦੀ ਧਾਰਨਾ ਤੋਂ ਉੱਪਰ ਉੱਠ ਕੇ ਸੁਚੱਜਾ ਜੀਵਨ ਜੀਉਣ ਦੀ ਪ੍ਰੇਰਣਾ ਮਿਲਦੀ ਹੈ।

ਆਵਨਿ ਅਠਤਰੈ ਜਾਨਿ ਸਤਾਨਵੈ ।



ਬਲਦੇਵ ਸਿੰਘ ਟੋਰਾਂਟੋ।

ਤਿਲੰਗ ਮਹਲਾ ੧ ॥
ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥

ਪਦ ਅਰਥ : -**ਜੈਸੀ** – ਜਿਹੜੀ। **ਮੈ** – ਮੈਨੂੰ। ਖਸਮ – ਮਾਲਕ/ਰੱਬ।ਕੀ ਬਾਣੀ – ਦੀ ਬਾਣੀ/ਗੱਲ। **ਤੈਸੜਾ** – ਹੂੰ ਬਹੁ। ਕਰੀ – ਕਰਨਾ, ਕਰ ਰਿਹਾਂ ਹੈ। **ਗਿਆਨੁ** – ਗਿਆਨ। **ਵੇ ਲਾਲੋ** – ਸੰਬੋਧਨ, ਹੇ ਲਾਲੋ। **ਪਾਪ ਕੀ ਜੰਞਲੈ** – ਪਾਪ ਦੀ ਜੰਞ ਲੈ ਕਰਕੇ। **ਕਾਬਲਹੁ** – ਕਾਬਲ ਤੋਂ। **ਧਾਇਆ** – ਤੁਰਿਆ ਹੋਇਆ ਹੈ। **ਜੋਰੀ** – ਜੋੜੀ, ਕਾਜੀਆਂ,ਬ੍ਰਾਹਮਣਾਂ ਦੀ ਪੁਜਾਰੀ ਸ੍ਰੇਣੀ ਦੀ ਜੋੜੀ/ਗੁਟਬੰਦੀ। **ਸਰਮ** – ਸਰਮ ਦੇ ਮਾਰੇ। **ਧਰਮੁ** – ਧਰਮ ਦੇ ਨਾਮ ਤੇ। **ਦੁਇ** – ਦੋਵੇ। **ਛਪਿ ਖਲੋਇ** – ਲੁਕ ਗਏ। **ਕੂੜੁ** – ਝੂਠ,ਝੂਠੇ। **ਫਿਰੈ ਪਰਧਾਨੁ** – ਪਰਧਾਨ,ਲੰਬੜਦਾਰ ਬਣੇ ਫਿਰਦੇ ਸਨ। **ਕਾਜੀਆ ਬਾਮਣਾ ਕੀ** – ਕਾਜੀਆਂ ਅਤੇ ਬ੍ਰਹਮਣਾ ਦੀ। **ਗਲ ਥਕੀ** – ਗੱਲ ਝੂਠੀ ਸਾਬਤ ਹੋਈ। **ਅਗਦੁ ਪੜੈ** – ਅਗਦੁ ਪੜੈ ਹਨ। **ਸੈਤਾਨੁ** – ਫਸਾਦੀ,ਹਮਲਾਵਰ। **ਵੇ ਲਾਲੋ** – ਹੇ ਲਾਲੋ!। **ਮੁਸਲਮਾਨੀਆ** – ਮੁਸਲਮਾਨੀ ਬਾਣੀਆਂ। **ਪੜਹਿ ਕਤੇਬਾ** – ਕਤੇਬਾ ਪੜੀਆਂ। **ਕਸਟ ਮਹਿ ਕਰਹਿ ਖੁਦਾਇ** – ਕਸਟ ਦੇ ਸਮੇਂ ਖੁਦਾ ਮਦਦ ਕਰੇਗਾ। **ਜਾਤਿ ਸਨਾਤੀ ਹੋਰਿ** – ਹੋਰ ਜਾਤਿ ਸਨਾਤੀ। **ਹਿਦਵਾਣੀਆ** – ਹਿੰਦੂਆਂ ਦੀਆਂ ਬਾਣੀਆਂ, ਬੇਦ ਮੰਤ੍ਰ ਆਦਿਕ। **ਏਹਿ ਵੀ ਲੇਖੈ ਲਾਇ** – ਲੇਖੇ ਲਾ ਲਵੇਗਾ। **ਖੂਨ ਕੇ ਸੋਹਿਲੇ** – ਖੂਨ ਕੇ ਸੋਹਲੇ। **ਗਾਵੀਅਹਿ** – ਗਾਏ ਗਏ। **ਨਾਨਕ** – ਨਾਨਕ ਮੋਹਰ ਛਾਪ। **ਰਤੁਕਾ ਕੁੰਗੂ** – ਲਹੂ ਦਾ ਕੁਰ੍ਹੀ। **ਪਾਇ** – ਪਵਾਇਆ। **ਸਾਹਿਬ ਕੇ ਗੁਣ** – ਸਾਹਿਬ ਦੇ **ਗੁਣ।ਨਾਨਕੁ** – ਨਾਨਕ ਨੂੰ। **ਗਾਵੈ** – ਗਾਇਨ ਕਰੇ। **ਮਾਸ ਪੁਰੀ** – ਲੋਥਾਂ ਦੇ ਨਗਰ। **ਵਿਚਿ** – ਵਿੱਚ। **ਆਖੁ** – ਆਖੈ,ਮਸਝਾਵੇ/ਧਰਵਾਸ ਦੇਵੇ। **ਮਸੋਲਾ** – ਨਿਯਮ। **ਜਿਨਿ ਉਪਾਈ** – ਜਿਸਨੇ ਇਹ ਰਚਾਈ। **ਰੰਗਿ ਰਵਾਈ** – ਰੰਗ ਲੀਲਾ। **ਬੈਠਾ ਵੇਖੈ ਵਖਿ ਅਕੇਲਾ** – ਕਿਤੇ ਵਖ ਇਕੱਲਾ ਬੈਠਕੇ ਵੇਖ। **ਸਚਾ ਸੋ ਸਾਹਿਬੁ** – ਉਹ ਸਾਹਿਬ ਸੱਚਾ ਹੈ। **ਤਪਾਵਸੁ** –ਇਨਸਾਫ। **ਸਚੜਾ** - ਸੱਚਾ। **ਨਿਆਉ** – ਨਿਆ। **ਕਰੇਗੁ** – ਕਰੇਗਾ। **ਮਸੋਲਾ** – ਨਿਯਮ। **ਕਾਇਆ ਕਪੜੁ** – ਮਨੁੱਖੀ ਸਰੀਰ। **ਟੁਕੁ ਟੁਕੁ ਹੋਸੀ** – ਵਡ ਟੁਕ ਹੋ ਰਹੀ ਸੀ। **ਹਿਦੁਸਤਾਨੁ**–ਹਿਦੋਸਤਾਨੀਆਂ ਨੂੰ। **ਸਮਾਲਸੀ** – ਯਾਦ ਰੱਖਣੀ। **ਬੋਲਾ** – ਗੱਲ। **ਆਵਨਿ** – ਆਉਣ। **ਅਠ** – ਧਾ ਜਾਣਾ, ਧਾਉਣਾ। **ਤਰੈ** – ਚੜ੍ਹਾਈ ਕਰਨਾ। **ਜਾਨਿ** – ਜਾਣਿ। **ਸਤਾਨਵੈ** – ਸੈਤਾਨ/ਫਸਾਦੀ/ਹਮਲਾਵਰ। **ਹੋਰੁ ਭੀ** – ਹੋਰ ਵੀ। **ਉਠਸੀ** – ਉਠ ਪਵੇਗਾ। **ਮਰਦ ਕਾਚੇਲਾ** – ਮਰਦ ਦਾ ਚੇਲਾ। **ਸਚ ਕੀ ਬਾਣੀ** – ਸੱਚ ਦੀ ਬਾਣੀ। **ਨਾਨਕੁ** – ਨਾਨਕ ਨੂੰ। **ਆਖੈ** – ਆਖਣਾ ਸਮਝਾਉਣਾ। **ਸਚੁ ਸੁਣਾਇਸੀ**–(ਜਿਸ ਬੇਦ ਕਤੇਬ ਦੀ ਬਾਣੀ ਨੂੰ) ਸੱਚ ਬਣਾਕੇ ਪੇਸ ਕਰ ਰਹੇ ਸੀ। **ਸੱਚ** – ਸੱਚ। **ਕੀ** – ਕੀ ਇਹ। **ਬੇਲਾ** – ਵੇਲਾ।

ਅਰਥ : - ਹੇ ਲਾਲੋ!ਦੇਖ ਲਿਆ ਨਾ, ਉਧਰੋਂ ਤਾਂ ਕਾਬਲ ਦਾ ਹਾਕਮ, ਕਾਬਲ ਤੋਂ ਪਾਪ ਦੀ ਜੰਞ ਲੈ ਕਰਕੇ ਤੁਰਿਆ ਹੋਇਆ ਹੈ,ਇਧਰ ਕਾਜੀਆਂ ਅਤੇ ਬ੍ਰਹਾਮਣਾਂ ਦੀ (ਪੁਜਾਰੀ ਸ੍ਰੇਣੀ ਦੀ) ਜੋਰੀ/ਜੋੜੀ/ਗੁਟਬੰਦੀ ਦਾ (ਹਰੇਕ ਪੁਜਾਰੀ) ਲੋਕਾਈ ਤੋਂ ਇਹ ਕਹਿਕੇ ਦਾਨ ਮੰਗ ਰਿਹਾ ਹੈ ਕਿ

ਮੈਨੂੰ ਮੇਰੇ ਖਸਮ ਮਾਲਕ ਨੇ ਗਿਆਨ ਬਖਸਿਆ ਹੈ, ਉਹ ਹੁ ਬਹੁ ਅੱਗੇ ਤੁਹਾਨੂੰ ਕਰ ਰਿਹ ਹਾਂ ਕਿ (ਤੁਸੀ ਸਾਨੂੰ ਦਾਨ ਦਿਉ ਅਸੀ ਬੇਦਾਂ, ਕਤੇਬਾਂ ਦੀ ਬਾਣੀਆਂ ਪੜ੍ਹਾਂਗੇ ਅਤੇ ਖੁਦਾ ਤੁਹਾਡੀ ਕਸਟ ਸਮੇਂ ਮਦਦ ਕਰਾਗੇ)।

ਮੁਸਲਮਾਨ (ਪੁਜਾਰੀਆਂ) ਕਾਜੀਆਂ ਨੇ ਕਿਹਾ ਕਿ ਅਸੀ ਮੁਸਲਮਾਨੀਆਂ/ਕਤੇਬਾਂ ਦੀਆਂ ਬਾਣੀਆਂ ਪੜ੍ਹਾਗੇ ਤਾਂ ਕਸਟ ਵਿੱਚ ਖੁਦਾ ਤੁਹਾਡੀ ਮਦਦ ਕਰੇਗਾ।

ਹੋਰ ਜਾਤਿ ਸਨਾਤੀ (ਅਧਾਰਤ ਬਣੇ) ਫਿਰਕਿਆ ਦੇ ਨਾਲ ਹਿੰਦੂ (ਪੁਜਾਰੀਆਂ) ਨੇ ਕਿਹਾ ਕਿ ਅਸੀ ਵੀ ਹਿਦਵਾਣੀਆ ਭਾਵ ਹਿੰਦੂਆਂ ਦੀਆਂ ਬਾਣੀਆਂ/ਬੇਦ ਮੰਤਰ ਪੜ੍ਹਾਗੇ ਖੁਦਾ ਇਹ ਵੀ ਆਪਣੇ ਲੇਖੇ ਲਾ ਲਵੇਗਾ।

ਜਦ ਹੁਣ ਕਿਸੇ ਇਨ੍ਹਾਂ ਦੇ (ਕਲਪਤ) ਖੁਦਾ ਨੇ ਕਸਟ ਸਮੇਂ ਕਿਸੇ ਦੀ ਕੋਈ ਮਦਦ ਨਾ ਕੀਤੀ ਤਾਂ ਦੋਵਾਂ (ਫਿਰਕਿਆਂ ਦੇ ਅਤੇ ਜਾਤਿ ਸਨਾਤੀ ਪੁਜਾਰੀ) ਕਾਜੀਆਂ ਬ੍ਰਾਹਮਣਾਂ ਦੀ ਧਰਮੀ ਚੌਧਰੀ/ਲੰਬਰਦਾਰ/ਪ੍ਰਧਾਨ ਬਣੀ ਬੈਠੀ ਸ੍ਰੇਣੀ ਦੀ ਗਲ ਥਕੀ/ਝੂਠੀ ਸਾਬਤ ਹੋਈ ਹੈ (ਕਿਸੇ ਇਨ੍ਹਾਂ ਦੇ ਕਲਪਤ ਖੁਦਾ ਨੇ ਕਸਟ ਸਮੇਂ ਕੋਈ ਮਦਦ ਨਹੀਂ ਕੀਤੀ ਤਾਂ ਹੁਣ) ਸਰਮ ਅਤੇ (ਡਰ) ਦੇ ਮਾਰੇ ਛਪਿ ਖਲੋਇ/ਲੁਕ ਗਏ/ਪੱਤਰੇ ਵਾਚ ਗਏ ਹਨ (ਲਾਲੋ ਤੇਰੇ ਸਾਹਮਣੇ) ਪਾਪ ਕੀ ਜੰਞ ਲੈਕੇ ਚੜ੍ਹਾਈ ਕਰਕੇ ਆਇ ਸੈਤਾਨ/ਫਸਾਦੀ ਹਮਲਾਵਰਾਂ ਦੇ ਆਉਣ ਦੀ ਖੁਸੀ ਵਿੱਚ ਵਿਆਹ ਵਾਗ ਅੰਗਦ ਪੜੇ ਹੀ ਸਾਬਤ ਹੋਇ ਹਨ।


ਨਾਨਕ ਆਖਦਾ ਹੈ, ਹੇ ਲਾਲੋ!ਵੇਖਲਿਆ ਨਾ, ਇਨ੍ਹਾਂ ਦੀਆਂ ਪੜੀਆਂ ਹੋਈਆਂ ਬਾਣੀਆਂ ਗਾਏ ਸੋਹਲੇ (ਬੇਦ/ਮੰਤ੍ਰ) ਪਾਪ ਕੀ ਜੰਞ ਦੇ ਸਾਹਮਣੇ ਖੂਨ ਕੇ ਸੋਹਲੇ (ਭਾਵ ਪਾਪ ਕੀ ਜੰਞ ਨੂੰ ਜੀ ਆਇਆ ਆਖਦੇ ਹੀ) ਸਾਬਤ ਹੋਏ ਹਨ ਅਤੇ ਰਤ ਦਾ ਕੁੰਗੂ (ਇਨ੍ਹਾਂ ਦੇ ਸੋਹਲਿਆ ਨੇ) ਲੋਕਾਈ ਦੇ ਸਿਰ ਪਵਾਇਆ ਹੈ।

ਹੁਣ ਨਾਨਕ ਨੂੰ ਵੀ ਇਹ ਕਹਿੰਦੇ ਹਨ ਕਿ ਨਾਨਕ ਵੀ ਲੋਥਾਂ ਦੀ ਨਗਰੀ ਵਿੱਚ (ਲੋਕਾਂ ਦੀਆਂ ਲੋਥਾਂ ਤੇ ਬਹਿਕੇ) ਇਨ੍ਹਾਂ ਦੇ (ਕਲਪਤ) ਸਾਹਿਬ ਦੇ ਹੀ ਗੁਣ ਗਾਵੈ ਅਤੇ ਲੋਕਾਂ ਨੂੰ ਇਹ ਕਹਿ ਕਰਕੇ, ਆਖੈ/ਸਮਝਾਵੈ/ਧਰਵਾਸ ਦੇਵੇ ਕਿ ਇਹ (ਕੁਟ ਖਾਣਾ) ਵੀ ਉਸੇ/ਰੱਬ ਦਾ ਹੀ ਮਸੋਲਾ/ਅਟੱਲ ਨਿਯਮ ਹੈ।

ਨੋਟ : -ਲੋਕਾਈ ਦੇ ਕਤਲੇਆਮ ਨੂੰ ਵੀ ਪੁਜਾਰੀ ਸ੍ਰੇਣੀ ਉਸ ਕਲਪਤ ਦੀ ਲੀਲਾ ਦਰਸਾਉਦੀ ਹੋਈ ਇਹ ਆਖਦੀ ਹੈ ਕਿ ਜਿਨਿ ਇਹ ਰੰਗ, ਲੀਲਾ ਉਪਾਈ ਹੈ, ਉਹ ਆਪ ਵੱਖ ਕਿਤੇ (ਸਤਵੇ ਸਮਾਨ ਤੇ) ਇਕੱਲਾ ਬੈਠਾ ਵੇਖ ਰਿਹਾ ਹੈ।

ਮਨੁੱਖੀ ਕਾਇਆ ਵਡ ਟੁਕ ਹੋ ਰਹੀ ਸੀ (ਪੁਜਾਰੀ ਸ੍ਰੇਣੀ ਹਜੇ ਵੀ) ਹਿੰਦਸਤਾਨੀਆਂ ਨੂੰ ਕਹਿ ਰਹੀ ਸੀ) ਤੁਹਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਉਹ ਸੱਚਾ ਸਾਹਿਬ ਨਿਯਮ ਅਨੁਸਾਰ ਸੱਚਾ ਇਨਸਾਫ, ਨਿਆਉ ਕਰੇਗਾ।

ਜਿਹੜੀ ਬੇਦਾਂ ਅਤੇ ਕਤੇਬਾਂ ਦੀ ਬਾਣੀ, ਇਸ ਵੇਲੇ ਸੱਚ ਬਣਾਕੇ ਸੁਣਾਇਸੀ/ਪੇਸ ਕੀਤੀ ਹੈ (ਕਿ ਇਹ ਵੱਡ,ਫੱਟ ਕਤਲੋਗਾਰਤ ਖੁਦਾ ਦੀ ਲੀਲਾ ਹੈ, ਕੀ ਇਹ ਸੱਚ ਹੈ?) ਜੋ ਨਾਨਕ ਨੂੰ ਵੀ ਇਹੀ ਗੱਲ ਲੋਕਾਈ ਨੂੰ ਆਖਣ/ਸਮਝਾਉਣ ਲਈ (ਪਜਾਰੀ) ਆਖ ਰਹੇ ਹਨ ਅਤੇ ਸਨ,ਲਾਲੋ ਇਹ ਗੱਲ ਤਾਂ ਇਹ ਕਹਿਣ ਦੇ ਬਰਾਬਰ ਹੈ ਕਿ ਅਜਿਹੇ ਫਸਾਦੀ/ਹਮਲਾਵਰ ਜਦੋਂ ਮਰਜੀ ਚੜ੍ਹਾਈ ਕਰਕੇ ਆਉਣ (ਲੁੱਟ ਘਸੁੱਟ ਵਡ ਫਟ) ਕਰਕੇ ਚਲੇ ਜਾਣ (ਭਾਵ ਉਨ੍ਹਾਂ ਲਈ ਲੋਕਾਈ ਨੂੰ ਦਰਵਾਜਾ ਖੁਲਾ ਰੱਖਣ ਦੀ ਸਲਾਹ ਦੇਣ ਦੇ ਬਰਾਬਰ ਹੈ) ਕੀ ਲਾਲੋ ਇਨ੍ਹਾਂ ਦੀਆਂ ਗੱਲਾਂ ਨਾਲ ਕੋਈ ਹੋਰ ਮਰਦ ਦਾ ਚੇਲਾ ਵੀ ਪੈਦਾ ਹੋ ਸਕੇਗਾ?। ਜੋ ਇਨ੍ਹਾਂ ਫਸਾਦੀ ਲੁਟੇਰਿਆ ਦਾ ਰਾਹ ਬੰਦ ਸਕੇ।



ਅੰਤਰਾਲ ਯਾਤਰਾ। ਆਰਟਿਸਟ ਜਸਵੰਤ ਸਿੰਘ

ਜਿਉਣਵਾਲਾ ਜੀ ਲਿਖਦੇ ਹਨ...



ਕੀ ਅਖੰਡ ਪਾਠ ਜਾਂ ਸਧਾਰਣ ਪਾਠ ਕੀਤਾ ਜਾ ਸਕਦਾ ਹੈ?

ਗੁਰਚਰਨ ਸਿੰਘ ਜਿਉਣਵਾਲਾ
brar_jiwanwala@hotmail.com

ਇਤਹਾਸ ਦੇ ਪੰਨੇ ਫਰੋਲਿਆਂ ਪਤਾ ਚੱਲਦਾ ਹੈ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਕਿਸੇ ਵੀ ਗੁਰੂ ਵਿਆਕਤੀ ਨੇ ਕਿਸੇ ਵੀ ਖੁਸ਼ੀ ਜਾਂ ਗਮੀ ਵੇਲੇ ਅਖੰਡ ਪਾਠ ਜਾਂ ਸਾਧਾਰਣ ਪਾਠ ਨਹੀਂ ਕਰਵਾਇਆ ਤੇ ਨਾ ਹੀ ਕਿਧਰੇ ਇਤਹਾਸ ਦੇ ਕਿਸੇ ਪੰਨੇ ਤੋਂ ਇਹ ਹਵਾਲਾ ਮਿਲਦਾ ਹੈ ਕਿ ਕਿਸੇ ਗੁਰੂ ਵਿਆਕਤੀ ਨੇ ਸਿੱਖਾਂ ਨੂੰ ਇਸ ਤਰ੍ਹਾਂ ਦੇ ਪਾਠ ਕਰਵਾਉਣ ਦਾ ਉਪਦੇਸ਼ ਹੀ ਕੀਤਾ ਹੋਵੇ। ਗੁਰੂ ਅਰਜਨ ਪਾਤਸ਼ਾਹ ਦੇ ਅਕਾਲ ਚਲਾਣੇ ਸਮੇਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਹੈ ਪਰ ਛੇਵੇਂ ਪਾਤਸ਼ਾਹ ਨੇ ਕੋਈ ਅਖੰਡ ਪਾਠ ਜਾਂ ਸਾਧਾਰਣ ਪਾਠ ਨਹੀਂ ਕਰਵਾਇਆ ਤੇ ਨਾ ਹੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਸਮੇਂ ਕੋਈ ਇਸ ਤਰ੍ਹਾਂ ਦੀ ਰੀਤ ਕੀਤੀ ਜਾਂ ਕਰਵਾਈ ਗਈ।

ਪੁਆੜੇ ਦੀ ਜੜ੍ਹ ਹੈ ਕਿਤਾਬ ਗੁਰਬਿਲਾਸ ਪਾਤਸ਼ਾਹੀ ਛੇਵੀਂ ਜਿਹੜੀ ਭਾਈ ਕਾਹਨ ਸਿੰਘ ਨਾਭਾ ਦੇ ਗੁਰਮਤਿ ਸੁਧਾਕਰ ਦੇ ਪੰਨਾ 353 ਮੁਤਾਬਕ, ਭਾਈ ਗੁਰਮੁਖ ਸਿੰਘ ਅਕਾਲਬੁੰਗੀਏ ਅਤੇ ਭਾਈ ਦਰਬਾਰਾ ਸਿੰਘ ਚੌਂਕੀ ਵਾਲੇ ਅੰਮ੍ਰਿਤਸਰ ਨਿਵਾਸੀ, ਲਿਖਾਰੀ ਹਨ। ਇਨ੍ਹਾਂ ਨੇ ਇਹ ਗ੍ਰੰਥ 1890ਬਿਕਰਮੀ ਵਿਚ ਅਰੰਭ ਕਰਕੇ 1900 ਬਿ. (1843 ਈ:) ਵਿਚ ਸੰਪੂਰਨ ਕੀਤਾ। ਏਹੀ ਸਮਾਂ ਹੈ ਜਦੋਂ ਗੁਰ ਪ੍ਰਤਾਪ ਸੂਰਜ, ਦਸਮ ਗ੍ਰੰਥ, ਭਾਈ ਮਨੀ ਸਿੰਘ ਵਾਲੀ ਸੌ ਸਾਖੀ ਆਦਿ ਲਿਖੇ ਗਏ, ਅੰਗਰੇਜੀ ਰਾਜ ਸਮੇਂ। ਇਕ ਖੋਜ ਮੁਤਾਬਕ ਇਸ ਗ੍ਰੰਥ ਦਾ ਲਿਖਾਰੀ ਕਵੀ ਸੋਹਨ ਵੀ ਮੰਨਿਆ ਜਾਂਦਾ ਹੈ। ਇਹ ਕਿਤਾਬ ਗੁੰਮ ਨਾਮ ਲਿਖਾਰੀ ਹੋਣ ਕਰਕੇ ਸ਼ੱਕ ਦੇ ਘੇਰੇ ਵਿਚ ਆ ਜਾਂਦੀ ਹੈ, ਜਿਸ ਦੇ ਲਿਖਾਰੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲੋਂ ਗੁਰੂ ਅਰਜਨ ਪਾਤਸ਼ਾਹ ਨਮਿਤ ਪਾਠ ਕਰਵਾ ਦਿੱਤਾ ਤੇ ਸਾਰੇ ਸਿੱਖ ਜਗਤ ਨੂੰ ਗੁੰਮਰਾਹ ਕਰਨ ਲਈ ਦਮਦਮੀ ਟਕਸਾਲ ਨੇ ਇਸ ਕਿਤਾਬ ਦੇ ਅਧਾਰ ਤੇ ਮਰਨੇ-ਪਰਨੇ ਪਾਠ ਕਰਾਉਣ ਦਾ ਪ੍ਰਚਾਰ ਕੀਤਾ ਅਤੇ 1962 ਵਿਚ ਪ੍ਰਲੋ ਆਉਣ ਦਾ ਬਹਾਨਾ ਕਰਕੇ ਇਕੋਤ੍ਰੀਆਂ ਵੀ ਇਨ੍ਹਾਂ ਹੀ ਚਲਾਈਆਂ। ਇਸ ਤਰ੍ਹਾਂ ਕਰਕੇ ਹੁਣ ਤਕ ਸਾਰਾ ਸਿੱਖ ਜਗਤ ਇਸ ਵਹਿਮ ਦਾ ਸ਼ਿਕਾਰ ਹੋ ਕੇ ਲੁਟੀਂਦਾ ਜਾ ਰਿਹਾ ਹੈ।

ਹਿੰਦੂ ਵੀਰ ਮਰਣੇ-ਪਰਨੇ ਗਰੁੜ ਪਰਾਣ ਦਾ ਪਾਠ ਕਰਵਾਉਂਦੇ ਹਨ ਤੇ ਸਿੱਖ ਜਗਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾ ਕਰਵਾ ਕੇ ਥੱਕ ਚੁਕਿਆ ਹੈ, ਪਰ ਅੱਜ ਤਕ ਕਿਸੇ ਵੀ ਮਰੇ ਵਿਆਕਤੀ ਦੀ ਗਤ ਨਹੀਂ ਹੋਈ। ਵੀਹਵੀਂ ਸਦੀ ਵਿਚ ਸਿੱਖ ਜਗਤ ਨੇ 40 ਕਰੋੜ ਅਖੰਡਪਾਠ ਕਰਵਾਏ ਹਨ। ਪਤਾ ਨਹੀਂ ਕਿਤਨਾ ਕੁ ਸਰਮਾਇਆ ਘਰ ਵਾਲਿਆਂ ਖਰਾਬ ਕੀਤਾ ਤੇ ਕਿਤਨਾ ਕੁ ਪੈਸਾ ਇਸ ਪਾਠ ਤੇ ਦਰਸ਼ਨ ਦੇਣ ਵਾਲਿਆਂ ਨੇ ਆਉਣ-ਜਾਣ ਲਈ ਕਰਚ ਕੀਤਾ। ਗਿਣਤੀ ਮਿਣਤੀ ਕਰਨੀ ਮੁਸ਼ਕਲ ਹੀ ਹੈ। ਪਰ ਇਕ ਗੱਲ ਜ਼ਰੂਰ ਹੈ ਕਿ ਇਨ੍ਹਾਂ ਕਰਵਾਏ ਗਏ ਪਾਠਾਂ ਤੋਂ ਸਿੱਖ ਜਗਤ ਨੂੰ ਸਿਧਾਂਤਕ ਤੌਰ ਤੇ ਕੋਈ ਫਾਇਦਾ ਹੋਇਆ ਜਾਂ ਨਹੀਂ, ਇਹ ਇਕ ਵੱਖਰਾ ਮਜ਼ਬੂਨ ਹੈ, ਪਰ ਪੁਜਾਰੀਆਂ ਨੂੰ ਜਿਨ੍ਹਾਂ ਨੇ ਵੱਡੇ ਵੱਡੇ ਢਿੱਡ ਭਰੇ, ਕੋਠੀਆਂ ਬਣਾਈਆਂ ਅਤੇ ਰੰਗੀਲੇ ਵਰਗਿਆਂ ਨੇ ਅਕੈਡਮੀਆਂ ਖੋਲ੍ਹ ਕੇ ਗਰੀਬ ਪ੍ਰੀਵਾਰਾਂ ਦੀਆਂ ਕੁੜੀਆਂ ਦੇ ਵਿਆਹ ਦਾ ਬਹਾਨਾ ਲਾ ਕੇ ਆਪਣੇ ਮੋਕਲੇ ਢਿੱਡ ਹੋਰ ਭਰੇ ਤੇ ਇਸੇ ਕੰਮ ਦੀ ਨਕਲ ਅੱਜ ਸੰਤ? ਰਣਜੀਤ ਸਿੰਘ ਢੱਢਰੀਆਂ ਵਾਲਾ ਵੀ ਕਰ ਰਿਹਾ ਹੈ। ਸਿੱਖ ਜਗਤ ਵਿੱਚ ਸੰਤ ਪੈਦਾ ਹੀ ਨਹੀਂ ਸੀ ਹੋਣੇ ਜੇ ਕਿਤੇ ਸਿੱਖੀ ਦਾ ਅਸਲੀ ਪ੍ਰਚਾਰ ਹੋਇਆ ਹੁੰਦਾ ਤਾਂ। ਸਿੱਖ ਕੌਮ ਅੱਜ ਇਸ ਮੁਹਾਵਰੇ ਦੀ ਸ਼ਕਲ ਅਖਤਿਆਰ ਕਰ ਚੁਕੀ ਹੈ,"ਤਾਏ ਦੀ ਕੁੜੀ ਚੱਲੀ ਤੇ ਮੈਂ ਕਿਉਂ ਰਹਾਂ ਇਕੱਲੀ"। ਇਸ ਗੱਲ ਨੂੰ ਭਗਤ ਕਬੀਰ ਜੀ ਆਪਣੇ ਸਲੋਕ ਵਿਚ ਇਉਂ ਬਿਆਨ ਕਰਦੇ ਹਨ:-

ਕਬੀਰ ਜਿਹ ਮਾਰਗਿ ਪੰਡਿਤ ਗਏ, ਪਾਛੈ ਪਰੀ ਬਹੀਰ ॥
ਇਕ ਅਵਘਟ ਘਾਟੀ ਰਾਮ ਕੀ, ਤਿਹ ਚੜਿ ਰਹਿਓ ਕਬੀਰ ॥165॥(ਪੰਨਾ 1373)।

ਅਸੀਂ ਵਿਚਾਰ ਹੁਣ ਇਹ ਕਰਣੀ ਹੈ ਕਿ ਕੀ ਗੁਰੂ ਗ੍ਰੰਥ ਸਾਹਿਬ ਸਾਨੂੰ ਅਖੰਡ ਪਾਠ/ ਸਾਧਾਰਣ ਪਾਠ ਕਰਨ/ਕਰਾਉਣ ਦੀ ਇਜ਼ਾਜਤ ਦਿੰਦੇ ਹਨ? ਗੁਰੂ ਗ੍ਰੰਥ ਸਾਹਿਬ ਜੀ ਵਿਚ 2685 ਵਾਰੀ "ਰਹਾਓ" ਦਾ ਸਬਦ ਆਉਂਦਾ ਹੈ ਤੇ "ਰਹਾਓ" ਦਾ ਮਤਲਬ ਹੈ "ਠਹਿਰੋ"। ਜਿਸ ਪਾਠ ਕਰਨ ਵਾਲੇ ਨੂੰ "ਰਹਾਓ" ਦੇ ਮਤਲਬ ਦਾ ਪਤਾ ਹੈ, ਉਹ ਗੁਰੂ ਦੇ ਇਸ ਹੁਕਮ ਦੀ ਉਲੰਙਣਾ ਵੀ ਕਰਦਾ ਹੈ ਤੇ ਫਿਰ ਵੀ ਪਾਠ ਕਰੀ ਜਾ ਰਿਹਾ ਹੈ, ਕੀ ਉਹ ਇਸ ਤਰ੍ਹਾਂ ਕਰਕੇ ਗੁਰੂ ਦੀ ਖੁਸ਼ੀ ਪ੍ਰਾਪਤ ਕਰਨ ਦਾ ਹੱਕਦਾਰ ਬਣਦਾ ਹੈ ਜਾਂ ਸਜਾ ਦਾ ਭਾਗੀਦਾਰ?ਅੱਜ ਅਸੀਂ ਸਾਧਾਂ ਦੇ ਕਹੇ ਅਖੰਡ ਪਾਠ, ਸਧਾਰਣ ਪਾਠ, ਸੰਪਟ ਪਾਠ, ਦੋਹਰੇ ਸੰਪਟ ਪਾਠ, ਚੁੱਪ ਗੜੁੱਪ ਪਾਠ, ਭਰਿੰਡ ਪਾਠ ਤੇ ਹੋਰ ਪਤਾ ਨਹੀਂ ਕਿਤਨੇ ਕਿਸਮਾਂ ਦੇ ਪਾਠ ਕਰਾਈ ਜਾਂਦੇ

ਹਾਂ, ਤੇ ਨਾਲੋ ਨਾਲ ਸਿੱਖ ਕੌਮ ਦਾ ਬੇੜਾ ਵੀ ਗਰਕ ਕਰੀ ਜਾ ਰਹੇ ਹਾਂ। ਜੋ ਨਿਘਾਰ ਸਿੱਖੀ ਵਿਚ ਅੱਜ ਵੇਖਣ ਨੂੰ ਮਿਲਦਾ ਹੈ ਕਿਤੇ ਇਸੇ ਕੰਮ ਦੀ ਬਦੌਲਤ ਤਾਂ ਨਹੀਂ?

ਹੁਣ ਅਸੀਂ ਸੋਚਣਾ ਇਹ ਹੈ ਕਿ ਕੀ ਅਸੀਂ ਪਾਠ ਕਰਦੇ ਸਮੇਂ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰ ਰਹੇ ਹਾਂ ਜਾਂ ਅਵੱਗਿਆ। ਗੁਰੂ ਦਾ ਹੁਕਮ ਹੈ, ਐ ਬੰਦੇ! ਰੁਕ। ਪਹਿਲੀਆਂ ਆ ਚੁਕੀਆਂ ਪੰਗਤੀਆਂ ਦੀ ਵਿਚਾਰ ਕਰ। ਗੁਰਬਾਣੀ ਦਾ ਫੁਰਮਾਣ ਹੈ:

ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ, ਸਗਲੀ ਛਾਰੁ ॥2॥
ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥
ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥3॥

(ਪੰਡਿਤ) ਜੋਤਸ਼ (ਦੇ ਲੇਖੇ) ਗਿਣ ਗਿਣ ਕੇ (ਕਿਸੇ ਜਜਮਾਨ ਦੇ ਪੁੱਤਰ ਦੀ) ਜਨਮ ਪੱਤ੍ਰੀ ਬਣਾਂਦਾ ਹੈ, (ਜੋਤਸ਼ ਦਾ ਹਿਸਾਬ ਆਪ) ਪੜ੍ਹਦਾ ਹੈ ਤੇ (ਜਜਮਾਨ ਨੂੰ) ਸੁਣਾਂਦਾ ਹੈ ਪਰ ਅਸਲੀਅਤ ਨੂੰ ਨਹੀਂ ਪਛਾਣਦਾ।(ਸ਼ੁਭ ਮੁਹੂਰਤ ਆਦਿਕ ਦੀਆਂ) ਸਾਰੀਆਂ ਵਿਚਾਰਾਂ ਤੋਂ ਸ੍ਰੇਸ਼ਟ ਵਿਚਾਰ ਇਹ ਹੈ ਕਿ ਮਨੁੱਖ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਏ। ਮੈਂ (ਗੁਰ-ਸ਼ਬਦ ਦੇ ਟਾਕਰੇ ਤੇ ਸ਼ੁਭ ਮੁਹੂਰਤ ਤੇ ਜਨਮ-ਪੱਤ੍ਰੀ ਆਦਿਕ ਦੀ ਕਿਸੇ) ਹੋਰ ਗੱਲ ਦੀ ਪਰਵਾਹ ਨਹੀਂ ਕਰਦਾ, ਹੋਰ ਸਾਰੀਆਂ ਵਿਚਾਰਾਂ ਵਿਅਰਥ ਹਨ।

ਪੰਡਿਤ ਜੀ ਨਾਹ ਧੋ ਕੇ, ਸਵੱਸ਼ ਬਸਤਰ ਪਹਿਨ ਕੇ ਪੱਥਰਾਂ ਦੀ ਪੂਜਾ ਤਾਂ ਕਰਦਾ ਹੈ ਪਰ ਪਰਮਾਤਮਾ ਦੇ ਰੰਗ ਵਿਚ ਆਪਣੇ ਆਪ ਨੂੰ ਨਹੀਂ ਰੰਗਦਾ। ਜਿਤਨਾ ਚਿਰ ਉਹ ਆਪਣੇ ਆਪ ਨੂੰ ਪਰਮਾਤਮਾ ਦੇ ਰੰਗ ਵਿਚ ਨਹੀਂ ਰੰਗਦਾ ਸਮਝੋ, ਜਿਹੜਾ ਵੀ ਕੋਈ ਪੱਥਰ ਪੂਜਦਾ ਹੈ, ਮੈਲਾ ਹੀ ਮੈਲਾ ਹੈ। ਭਾਵ ਕਰਮ ਕਾਂਢ ਦਾ ਕੋਈ ਫਾਇਦਾ ਨਹੀਂ।

ਗੱਲ ਤਾਂ ਬਾਣੀ ਨੂੰ ਸਮਝ ਕੇ ਆਪਣੇ ਜੀਵਨ ਵਿਚ ਲਾਗੂ ਕਰਨ ਦੀ ਸੀ, ਪਰ ਸਾਧਾਂ ਸੰਤਾਂ ਦੇ ਲਾਣੇ ਨੇ ਇਸਦੇ ਤਵੀਜ਼ ਬਣਾ ਕੇ ਲੋਕਾਂ ਦੇ ਘਰਾਂ ਵਿਚ ਮਸੀਬਤਾਂ ਨੂੰ ਕੱਟਣ ਲਈ ਟੰਗ ਦਿੱਤੇ। ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨੂੰ ਸਮਝਣ ਸਮਝਾਉਣ ਦੀ ਥਾਂਵੇ ਖੱਟੀ ਕਰਨ ਲਈ ਪਾਠਾਂ ਦੀਆਂ ਇਕੋਤ੍ਰੀਆਂ ਚਲਾ ਦਿੱਤੀਆਂ, ਲੜੀਆਂ ਚਲਾ ਦਿੱਤੀਆ ਤੇ ਲੋਕਾਂ ਨੇ ਸਾਧਾਂ ਦੇ ਕਹੇ ਮਾਇਆ ਦੀਆਂ ਝੜੀਆਂ ਲਾ ਦਿਤੀਆਂ। 1990-91 ਵਿਚ ਸੱਤੇ ਦੀ ਗਲੀ ਵਾਲੇ ਸੰਤ? ਮੱਖਣ ਸਿੰਘ ਨਾਲ ਮੇਰੀ ਮੁਲਾਕਾਤ ਹੋਈ। ਮੈਂ ਕਿਹਾ ਜੀ ਤੁਸੀਂ ਤਾਂ ਮਾਇਆ ਨੂੰ ਨਿੰਦ ਰਹੇ ਸੀ ਪਰ ਤੁਸੀਂ ਆਪ ਚੜ੍ਹਾਵੇ ਦੀ ਮਾਇਆ ਆਪਣੇ ਖੀਸੇ ਵਿਚ ਪਾ ਲਈ। ਜੇ ਮਾਇਆ ਨਾਗਣੀ ਹੈ ਤਾਂ ਤੁਹਾਡੇ ਲਈ ਵੀ ਨਾਗਣੀ ਹੋਣੀ ਚਾਹੀਦੀ ਹੈ। ਪਰ ਗੁਰੂ ਜੀ ਦਾ ਫੁਰਮਾਣ ਤਾਂ ਇਉਂ ਹੈ:

ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥ ਸਦਾ ਰਹਹੁ ਹਰਿ ਕੀ ਸਰਣਾਈ ॥2॥ (ਪੰਨਾ 1261)

ਮਾਇਆ ਦਾ ਮੋਹ ਅਸੀਂ ਆਪ ਨਹੀਂ ਪੈਦਾ ਕੀਤਾ। ਕਰਤੇ ਦੇ ਹੁਕਮ ਅਨੁਸਾਰ ਹੀ ਇਸ ਮਨੁੱਖ ਨੂੰ ਮਇਆ ਦਾ ਮੋਹ ਲੱਗਾ ਹੈ ਤੇ ਕਰਤੇ ਦੇ ਹੁਕਮ ਵਿਚ ਹੀ ਇਹ ਸਾਰੀ ਕਇਨਾਤ ਪੈਦਾ ਹੋਈ ਹੈ। ਹੁਣ ਮਨੁੱਖ ਨੇ ਕਰਨਾ ਕੀ ਹੈ? ਗੁਰੂ ਦੀ ਮੱਤ ਲੈ ਕੇ ਸੱਚੇ ਗਿਆਨ ਅਨੁਸਾਰ ਜਿੰਦਗੀ ਜਿਉਣ ਨੂੰ ਹੀ ਗੁਰੂ ਦੀ ਬਖਸ਼ਿਸ਼ ਕਿਹਾ ਗਿਆ ਹੈ। ਗੁਰੂ ਦੇ ਉਪਦੇਸ ਮੁਤਾਬਕ ਜਿੰਦਗੀ ਜਿਉਣਾ ਹੀ ਗੁਰੂ ਦੀ ਸ਼ਰਨ ਵਿਚ ਰਹਿਣਾ ਹੈ। ਸੰਤ? ਮੱਖਣ ਸਿੰਘ ਕਹਿਣ ਲੱਗੇ ਇਹ ਗੁਰਬਾਣੀ ਦੀ ਪੰਗਤੀ ਹੈ? ਮੈਂ ਕਿਹਾ ਜੀ ਇਹ ਇਕ ਹੀ ਪੰਗਤੀ ਨਹੀਂ ਸਗੋਂ ਐਸੀਆਂ ਹੋਰ ਬਹੁਤ ਪੰਗਤੀਆਂ ਹਨ। ਪੈਸਾ ਕਮਾਉਣਾ ਮਾੜਾ ਕੰਮ ਨਹੀਂ। ਗੁਰੂ ਜੀ ਆਪਣੇ ਸਿੱਖਾਂ ਨੂੰ ਘੋੜਿਆਂ ਦੇ ਵਪਾਰ ਵਿਚ ਆਪ ਪਾਉਂਦੇ ਹਨ। ਇਤਹਾਸ ਇਸ ਗੱਲ ਦਾ ਗਵਾਹ ਹੈ। ਗੁਰੂ ਜੀ ਦਾ ਸਿੱਖ ਭੁੱਖਾ ਕਿਉਂ ਮਰੇ? ਭੁੱਖੇ ਮਰਨਾ ਕੀ ਸਿੱਖਾਂ ਦੇ ਹਿਸੇ ਆਇਆ ਹੈ? ਨਹੀਂ। ਗੁਰਬਾਣੀ ਤਾਂ ਸਿੱਖਾਂ ਦੇ ਮਹਿਲ-ਮਾੜੀਆਂ ਵੇਖਣਾ ਚਾਹੁੰਦੀ ਹੈ।

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥1॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥1॥ ਰਹਾਉ ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥(ਪੰਨਾ 14)।

ਗੁਰੂ ਪਾਤਸ਼ਾਹ ਫੁਰਮਾਉਂਦੇ ਹਨ ਕਿ ਐ ਸਿੱਖ! ਭਾਂਵੇ ਤੇਰੇ ਮਹਿਲ ਕੀਮਤੀ ਤੋਂ ਕੀਮਤੀ ਵੀ ਕਿਉਂ ਨਾ ਹੋਣ, ਪਲੰਘ ਵੀ ਹੀਰਿਆਂ ਨਾਲ ਜੜੇ ਕਿਉਂ ਨਾ ਹੋਣ, ਕਸਤੂਰੀ ਤੇ ਚੰਦਨ ਦੀ ਸੁਗੰਧੀ ਵੀ ਕਿਉਂ ਨਾ ਆਉਂਦੀ ਹੋਵੇ, ਹੋਰ ਬਹੁਤ ਕੁੱਝ ਹੋਵੇ ਪਰ ਅਸਲ ਗੱਲ ਇਹ ਹੈ ਕਿ ਤੇਰੀ ਯਾਦ ਸ਼ਕਤੀ ਵਿਚੋਂ 'ਸੱਚ' ਨਿਕਲਣਾ ਨਹੀਂ ਚਾਹੀਦਾ, ਤੂੰ ਆਪਣੇ ਮਾਲਕ ਨੂੰ ਨਾ ਭੁੱਲ ਜਾਈਂ। ਅਸਲ ਗੱਲ ਸੀ ਗੁਰਬਾਣੀ ਨੂੰ ਪੜ੍ਹ ਕੇ ਆਪਣੇ

ਜੀਵਨ ਵਿੱਚ ਲਾਗੂ ਕਰਨਾ। ਇਕ ਐਸਾ ਸੁਚੱਜਾ ਜੀਵਨ ਤਿਆਰ ਕਰਨਾ। ਜਿਸ ਨੂੰ ਵੇਖ ਕੇ ਆਲਾ ਦੁਆਲਾ ਇਕ ਸਵਾਲ ਕਰਦਾ ਕਿ ਇਹ ਕਿਸ ਕੌਮ ਦਾ ਬੰਦਾ ਹੈ? ਮੈਂ ਵੀ ਐਸਾ ਜੀਵਨ ਬਤੀਤ ਕਰਨਾ ਚਾਹੁੰਦਾ ਹਾਂ। 2012 ਦੀ ਗੱਲ ਹੈ ਕਿ ਪੈਰਸ ਵਿਚ ਕੋਈ ਸਿੱਖ ਬੱਸ ਵਿਚ ਸਫਰ ਕਰ ਰਿਹਾ ਸੀ ਤੇ ਇਕ ਫਰਾਂਸੀਸੀ 10-12 ਸਾਲਾਂ ਦਾ ਲੜਕਾ ਆਪਣੀ ਮਾਂ ਨਾਲ ਉਸੇ ਬੱਸ ਵਿਚ ਸਫਰ ਕਰ ਰਿਹਾ ਸੀ। ਉਹ ਲੜਕਾ ਆਪਣੀ ਮਾਂ ਨੂੰ ਪੁੱਛਣ ਲੱਗਾ, ਮਾਂ ਇਹ ਆਦਮੀ ਸਿਰਗਟ ਕਿਵੇਂ ਪੀਂਦਾ ਹੋਊਗਾ? ਇਸ ਦੇ ਮੂੰਹ ਤੇ ਮੁੱਛਾਂ ਤੇ ਦਾਹੜੀ ਇਤਨੀ ਕੁ ਹੈ ਕਿ ਸਿਗਰਟ ਪੀਣ ਸਮੇਂ ਇਸ ਨੂੰ ਅੱਗ ਲੱਗ ਸਕਦੀ ਹੈ? ਉਸ ਬੱਚੇ ਦੀ ਮਾਂ ਨੇ ਉਸ ਨੂੰ ਸਮਝਾਇਆ ਕਿ ਇਹ ਲੋਕ ਸਿਗਰਟ ਨਹੀਂ ਪੀਂਦੇ। ਬੱਚੇ ਨੇ ਪੁਛਿਆ, ਮਾਂ ਕਿਉਂ? ਮਾਂ ਨੇ ਉਤਰ ਦਿੱਤਾ ਕਿ ਮੇਰੇ ਪੁੱਤਰ ਜੀ ਇਨ੍ਹਾ ਦਾ ਧਰਮ ਹਰ ਕਿਸਮ ਦੇ ਨਸ਼ੇ ਦੀ ਵਰਤੋਂ ਦੀ ਮਨਾਹੀ ਕਰਦਾ ਹੈ। ਬੱਚੇ ਨੇ ਉਸੇ ਵਕਤ ਮਾਂ ਨੂੰ ਉਤਰ ਦਿੱਤਾ ਕਿ ਮਾਂ ਮੈਂਨੂੰ ਹੁਣ ਤੋਂ ਹੀ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਕਿਤਾਬਾਂ ਲੈ ਦਿਓ ਮੈਂ ਸਿੱਖ ਬਣਨਾ ਚਾਹੁੰਦਾ ਹਾਂ।

ਸਲੋਕੁ ਮਃ ੧ ॥ ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥ ਪ
ੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥ {ਪੰਨਾ 467}

ਜੇ ਇਤਨੀਆਂ ਪੋਥੀਆਂ ਪੜ੍ਹ ਲਈਏ, ਜਿਨ੍ਹਾਂ ਨਾਲ ਕਈ ਗੱਡੀਆਂ ਭਰ ਲਈਆਂ ਜਾ ਸਕਣ, ਜਿਨ੍ਹਾਂ ਦੇ ਢੇਰਾਂ ਦੇ ਢੇਰ ਲਗਾਏ ਜਾ ਸਕਣ; ਜੇ ਇਤਨੀਆਂ ਪੁਸਤਕਾਂ ਪੜ੍ਹ ਲਈਏ, ਜਿਨ੍ਹਾਂ ਨਾਲ ਇਕ ਬੇੜੀ ਭਰੀ ਜਾ ਸਕੇ, ਕਈ ਖਾਤੇ ਪੂਰੇ ਜਾ ਸਕਣ, ਜੇ ਪੜ੍ਹ ਪੜ੍ਹ ਕੇ ਸਾਲਾਂ ਦੇ ਸਾਲ ਗੁਜ਼ਾਰੇ ਜਾਣ, ਜੇ ਪੁਸਤਕਾਂ ਪੜ੍ਹ ਪੜ੍ਹ ਕੇ ਸਾਰੀ ਉਮਰ ਗੁਜ਼ਾਰ ਦਿੱਤੀ ਜਾਏ, ਜੇ ਪੜ੍ਹ ਪੜ੍ਹ ਕੇ ਉਮਰ ਦੇ ਸਾਰੇ ਸੁਆਸ ਬਿਤਾਏ ਜਾਣ ਤਾਂ ਭੀ ਰੱਬ ਦੀ ਦਰਗਾਹ ਵਿਚ ਇਸ ਵਿਚੋਂ ਕੁਝ ਭੀ ਪਰਵਾਨ ਨਹੀਂ ਹੁੰਦਾ।

ਹੇ ਨਾਨਕ! ਪ੍ਰਭੂ ਦੀ ਦਰਗਾਹ ਵਿਚ ਕੇਵਲ ਪ੍ਰਭੂ ਦੀ ਸਿਫ਼ਤਿ-ਸਾਲਾਹ ਕਬੂਲ ਪੈਂਦੀ ਹੈ, ਚੰਗੇ ਕੰਮ ਕਰਨ ਤੋਂ ਬਿਨਾ ਕੋਈ ਹੋਰ ਉੱਦਮ ਕਰਨਾ, ਆਪਣੀ ਹਉਮੈ ਦੇ ਵਿਚ ਹੀ ਭਟਕਦੇ ਫਿਰਨਾ ਹੈ।

ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥
ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥ {ਪੰਨਾ 355}

(ਹੇ ਪਾਂਡੇ!) ਪਰਮਾਤਮਾ ਨਿਰੀਆਂ ਧਾਰਮਿਕ ਰਸਮਾਂ ਨਾਲ ਵੱਸ ਵਿਚ ਨਹੀਂ ਕੀਤਾ ਜਾ ਸਕਦਾ, ਵੇਦ ਆਦਿਕ ਪੁਸਤਕਾਂ ਦੇ ਪਾਠ ਪੜ੍ਹਿਆਂ ਭੀ ਉਸ ਦੀ ਕਦਰ ਨਹੀਂ ਪੈ ਸਕਦੀ । ਜਿਸ ਪ੍ਰਮਾਤਮਾ ਦਾ ਭੇਦ ਅਠਾਰਾਂ ਪੁਰਾਣਾਂ ਤੇ ਚਾਰ ਵੇਦਾਂ ਨੇ ਨਾਹ ਲੱਭਾ, ਹੇ ਨਾਨਕ! ਸਤਿਗੁਰੂ ਨੇ (ਸਾਨੂੰ) ਉਹ (ਅੰਦਰ ਬਾਹਰ ਹਰ ਥਾਂ) ਵਿਖਾ ਦਿੱਤਾ ਹੈ।

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥{ਪੰਨਾ 641-642}

ਪਾਠ ਪੜ੍ਹਨ ਨਾਲ, ਵੇਦਾਂ ਦਾ ਅਭਿਆਸ ਕਰਨ ਨਾਲ, ਜੋਗੀਆਂ ਵਾਲੇ ਆਸਣ ਕਰਨ ਨਾਲ, ਨੰਗੇ ਫਿਰਨ ਨਾਲ, ਚੁੱਪ ਕਰਨ ਨਾਲ ਜਾਂ ਹੋਰ ਕਿਸੇ ਵੀ ਤਰੀਕੇ ਨਾਲ ਪੰਜਾਂ ਵਿਕਾਰਾਂ ਤੋਂ ਛੁਟਕਾਰਾ ਨਹੀਂ ਮਿਲਦਾ। ਇਸ ਕਰਕੇ ਗੁਰੂ ਜੀ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਮੈਨੂੰ ਬਬੇਕ ਬੁੱਧੀ ਦੀ ਬਖਸ਼ਿਸ਼ ਕਰੋ। ਅਸਲ ਵਿੱਚ ਇਹ ਮੰਗ ਸਾਡੇ ਵਾਸਤੇ ਹੈ। ਜੇਕਰ ਪਾਠ ਕਰਨ ਨਾਲ ਕੁੱਝ ਸੰਵਰ ਸਕਦਾ ਹੁੰਦਾ ਤਾਂ ਗੁਰਬਾਣੀ ਵਿਚ ਅਨੇਕਾਂ ਵਾਰ ਪਾਠ ਕਰਨ ਜਾ ਕਰਵਾਉਣ ਦਾ ਖੰਡਣ ਨਾ ਕੀਤਾ ਹੁੰਦਾ।

ਗੁਰੂ ਪਿਆਰਿਓ! ਆਓ ਇਸ ਬਿਮਾਰੀ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰੀਏ। ਆਪਣੇ ਆਪਣੇ ਗੁਆਂਡੀਆਂ ਨਾਲ ਗੱਲਬਾਤ ਦੇ ਜ਼ਰੀਏ ਕੁੱਝ ਸਮਝਣ ਸਮਝਾਉਣ ਦੀ ਗੱਲ ਤੋਰੀਏ। 2013 ਦੇ ਮਾਰਚ ਮਹੀਨੇ ਮੇਰੀ ਮੁਲਾਕਾਤ ਇਕ ਐਸੇ ਸਿੱਖ ਨਾਲ ਹੋਈ ਜਿਹੜਾ ਕਿੱਤੇ ਦੇ ਤੌਰ ਤੇ ਸਿੱਖ ਧਰਮ ਬਾਰੇ ਯੂਨੀਵਰਸਿਟੀ ਦੇ ਲੈਵਲ ਤੇ ਬੋਲਣ ਜਾਂਦਾ ਹੈ। ਉਸ ਦੀ ਗਿਣਤੀ ਮੁਤਾਬਕ ਸਿੱਖ ਜਗਤ ਵਿੱਚ ਅਖੰਡ ਪਾਠਾਂ ਦਾ ਇੱਕ ਸਾਲ ਦਾ ਵਪਾਰ 400 ਕਰੋੜ ਰੁਪੈ ਦਾ ਹੈ। ਇਸ ਵਪਾਰ/ ਇੰਡਸਟਰੀ ਵਿੱਚ 20,000 ਵਿਆਕਤੀ ਕੰਮ ਕਰ ਰਹੇ ਹਨ। ਇਹ ਗੱਲ ਜਰੂਰ ਹੈ ਕਿ 20,000 ਪਰੀਵਾਰਾਂ ਦਾ ਢਿੱਡ ਤਾਂ ਜ਼ਰੂਰ ਇਸ ਕਿੱਤੇ ਵਿੱਚੋਂ ਭਰਦਾ ਹੈ ਪਰ ਨਾਲ ਦੀ ਨਾਲ ਸਿੱਖ ਕੌਮ ਦੀ ਤਬਾਹੀ ਵੀ ਇਸ ਕਿੱਤੇ ਨੇ ਕਰ ਦਿੱਤੀ ਹੈ। ਆਓ ਸਾਰੇ ਰਲ ਕੇ ਬਾਕੀ ਬਚੀ ਰਹਿੰਦ-ਖੂੰਦ ਸਿੱਖੀ ਨੂੰ ਬਚਾਉਣ ਦਾ ਕੋਈ ਹੱਲ ਲੱਭੀਏ?

ਕੀ ਬਾਬਾ ਸ੍ਰੀ ਚੰਦ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੇ ਆਗਿਆਕਾਰੀ ਸਪੁਤਰ ਸਨ?



ਜਗਤਾਰ ਸਿੰਘ ਜਾਚਕ, ਆਨਰੇਰੀ ਇੰਟਰਨੈਸ਼ਨਲ ਸਿੱਖ ਮਿਸ਼ਨਰੀ
ਗੁਰੂ ਨਾਨਕ ਧਰਮਸ਼ਾਲ ਗਲੈਨਕੋਵ (ਨਿਊਯਾਰਕ) ਫੋਨ: ੫੧੬-੬੭੪-੬੭੬੩

ਨਿਊਯਾਰਕ ਤੇ ਨਿਊਜਰਸੀ ਤੋਂ ਛਪਣ ਵਾਲੀਆਂ ਅਕਤੂਬਰ ਮਹੀਨੇ ਦੇ ਪਹਿਲੇ ਵੀਕ ਦੀਆਂ ਦੋ ਪੰਜਾਬੀ ਅਖ਼ਬਾਰਾਂ 'ਸ਼ਾਨੇ-ਏ-ਪੰਜਾਬ' ਅਤੇ 'ਪੰਜਾਬ ਐਕਸਪ੍ਰੈਸ' ਵਿੱਚ ਗੁਰਬਚਨ ਸਿੰਘ ਨਾਮੀ ਲੇਖਕ ਨੇ 'ਉਦਾਸੀਨ ਤੇ ਸਿੱਖ ਮੱਤ' ਦੇ ਸਿਰਲੇਖ ਹੇਠ ਜੋ ਲੰਬਾ ਚੌੜਾ ਕੁਟਲਿਤਾ ਭਰਿਆ ਲੇਖ ਲਿਖਿਆ ਹੈ, ਜਿਸ ਦੇ ਦੋ ਹੀ ਮਨੋਰਥ ਹਨ। ਪਹਿਲਾ ਹੈ ਕਿ ਹਰ ਹੀਲੇ ਬਾਬਾ ਸ੍ਰੀ ਚੰਦ ਨੂੰ ਗੁਰੂ ਸਾਹਿਬਾਨ ਨਾਲੋਂ ਵਿਸ਼ੇਸ਼ ਦਰਸਾਇਆ ਜਾਵੇ ਅਤੇ ਜਿਵੇਂ ਗੁਰਦੁਆਰਿਆਂ ਵਿੱਚ ਗੁਰਪੁਰਬ ਮਨਾਏ ਜਾਂਦੇ ਹਨ, ਤਿਵੇਂ ਹੀ ਬਾਬਾ ਸ੍ਰੀ ਚੰਦ ਦਾ ਜਨਮ ਦਿਹਾੜਾ ਵੀ ਮਨਾਇਆ ਜਾਵੇ। ਕਿਉਂਕਿ, ਲੇਖਕ ਨੇ ਸਾਰੇ ਗੁਰੂ ਸਾਹਿਬਾਨ ਨੂੰ ਬਾਬਾ ਸ੍ਰੀ ਚੰਦ ਦੇ ਅਸ਼ੀਰਵਾਦ ਲਈ ਚੜ੍ਹਾਵੇ ਚੜਾਉਂਦੇ ਅਤੇ ਉਨ੍ਹਾਂ ਦੇ ਅਗਿਆਕਾਰੀ ਸੇਵਕ ਬਣ ਕੇ ਹੀ ਸਾਰੇ ਕਾਰਜ ਕਰਦੇ ਦਰਸਾਇਆ ਹੈ। ਇਸ ਪ੍ਰਕਾਰ ਅਸਿੱਧੇ ਜਿਹੇ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਸ੍ਰੀ ਚੰਦ ਦੀ ਬਾਣੀ ਹੋਣੀ ਦਸ ਕੇ ਬਾਬਾ ਜੀ ਨੂੰ ਸਿੱਖਾਂ ਦਾ ਗੁਰੂ ਸਿੱਧ ਕਰਨ ਦਾ ਵੀ ਕੋਝਾ ਯਤਨ ਕੀਤਾ ਹੈ। ਅਤੇ ਦੂਜਾ ਹੈ ਬਾਬਾ ਸ੍ਰੀ ਚੰਦ ਦੇ ਉਪਾਸ਼ਕ, ਪ੍ਰਚਾਰਕ ਤੇ ਦਿੱਲੀ ਵਿਚਲੇ ਸਰਕਾਰੀ ਸ਼ਹਿ `ਤੇ ਚਲਣ ਵਾਲੇ ਡੇਰੇ 'ਗੋਬਿੰਦ ਸਦਨ' ਦੇ ਬਾਨੀ ਡੇਰੇਦਾਰ ਵਿਰਸਾ ਸਿੰਘ ਨੂੰ ਉਭਾਰਨਾ ਅਤੇ ਉਸ ਨੂੰ ਸਿੱਖੀ ਦਾ ਪਰਮ-ਹਿਤੂ, ਪੰਥ ਦਾ ਸ਼ਕਤੀਸ਼ਾਲੀ ਬਾਬਾ ਤੇ ਮੁੱਖ ਪ੍ਰਚਾਰਕ ਸਿੱਧ ਕਰਕੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਗੁੰਮਰਾਹ ਕਰਦਿਆਂ ਉਸ ਦੇ ਪਿੱਛਲੱਗ ਬਨਾਉਣਾ।



ਇਹ ਸਾਰੀ ਲਿਖਤ ਪੜ੍ਹ ਕੇ ਦਾਸ ਨੂੰ ਸ਼ੱਕ ਤਾਂ ਪਹਿਲਾਂ ਹੀ ਪੈ ਰਿਹਾ ਸੀ ਕਿ ਇਹ ਵਿਅਕਤੀ ਆਪਣੀ ਤਸਵੀਰ ਅਤੇ ਨਾਮ ਤੋਂ ਤਾਂ ਭਾਵੇਂ ਗੁਰਸਿੱਖ ਜਾਪਦਾ ਹੈ। ਪਰ, ਅਸਲ ਵਿੱਚ ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਸੇਵਕ ਨਹੀ। ਸਗੋਂ, ਕਿਸੇ ਉਦਾਸੀ ਸਾਧ ਦਾ ਚੇਲਾ ਹੈ, ਜਿਸ ਦਾ ਆਸ਼ਾ ਬਿਪਰਵਾਦੀ ਸ਼ਕਤੀਆਂ ਦੀ ਸ਼ਹਿ ਤੇ ਕਾਇਮ ਹੋਈ ਸ੍ਰੀ ਚੰਦ ਦੀ ਉਦਾਸੀ ਸੰਪਰਦਾ ਨੂੰ ਪ੍ਰਚਾਰਨਾ ਤੇ ਸਿੱਖ ਮੱਤ ਤੋਂ ਵੀ ਸ੍ਰੇਸ਼ਟ ਦਰਸਾਉਣਾ ਹੈ। ਪਰ, ਦਿੱਲੀ ਦੇ ਪ੍ਰਸਿੱਧ ਰਾਗੀ ਭਾਈ ਮੇਘ ਸਿੰਘ ਜੀ ਨੇ ਮੇਰੇ ਇਸ ਸ਼ੱਕ ਨੂੰ ਉਦੋਂ ਸਚਾਈ ਵਿੱਚ ਬਦਲ ਦਿੱਤਾ, ਜਦੋਂ ਉਹ ਸਿਦਕੀ ਸਿੰਘ ਲੇਖ ਪੜ੍ਹ ਕੇ ਰੋਹ ਵਿੱਚ ਭਰਿਆ ਦਾਸ ਕੋਲ ਆਇਆ ਅਤੇ ਉਸ ਨੇ ਆਖਿਆ ਕਿ "ਇਹ ਸ਼ਖਸ ਬਾਬਾ ਵਿਰਸਾ ਸਿੰਘ ਦੇ ਡੇਰੇ 'ਗੋਬਿੰਦ ਸਦਨ' ਨਿਊਯਾਰਕ ਦਾ ਮੈਨੇਜਰ ਹੈ। ਇਹ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਵੀ ਇਹੀ ਕੂੜ ਪ੍ਰਚਾਰ ਕਰਦਾ ਹੈ। ਇਸ ਗੁਰ-ਨਿੰਦਕ ਦਾ ਮੂੰਹ ਭੰਨਵਾਂ ਜਵਾਬ ਦੇਣਾ ਅਤਿਅੰਤ ਜ਼ਰੂਰੀ ਹੈ। ਸਿੱਖ ਜਥੇਬੰਦੀਆਂ ਨੂੰ ਵੀ ਇਸ ਦਾ ਗੰਭੀਰਤਾ ਸਹਿਤ ਨੋਟਿਸ ਲੈਣਾ ਚਾਹੀਦਾ ਹੈ।" ਇਸ ਪ੍ਰਕਾਰ ਦੇ ਬਹੁਤ ਸਾਰੇ ਕੁੱਝ ਹੋਰ ਸੂਝਵਾਨ ਪੰਜਾਬੀ ਪਾਠਕਾਂ ਤੇ ਸਤਿਸੰਗੀਆਂ ਨੇ ਵੀ ਅਜਿਹੀ ਜ਼ੋਰਦਾਰ ਪ੍ਰੇਰਨਾ ਕੀਤੀ ਕਿ ਇਸ ਕੂੜ-ਕੁਬਾੜ ਦਾ ਉਤਰ ਦੇਣਾ ਅਵਸ਼ਕ ਹੈ। ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਅਤੇ ਆਪਣੇ ਉਲੀਕੇ ਹੋਏ ਸਾਹਿਤਕ ਰੁਝੇਵਿਆਂ ਕਾਰਨ ਭਾਵੇਂ ਮੇਰੇ ਪਾਸ ਸਮੇਂ ਦੀ ਬਹੁਤ ਘਾਟ ਸੀ ਅਤੇ ਵੈਸੇ ਵੀ ਮੈਂ ਇਹ ਵਿਸ਼ਾ ਛੇੜਣਾ ਵੀ ਨਹੀ ਸੀ ਚਹੁੰਦਾ। ਕਿਉਂਕਿ, ਅਜਿਹੀਆਂ ਲਿਖਤਾਂ ਭਾਈਚਾਰਕ ਵਿਥਾਂ ਵਧਾਂਦੀਆਂ ਹਨ। ਕਿਸੇ ਸ਼ਾਇਰ ਦਾ ਕਥਨ ਹੈ 'ਨਫ਼ਰਤ ਸੇ ਨ ਦੇਖੋ ਦੁਸ਼ਮਨ ਕੋ, ਸ਼ਾਯਦ ਵੋਹ ਮੁਹੱਬਤ ਕਰ ਬੈਠੇ। ਪਰ, ਜਦੋਂ ਕੋਈ ਸਾਡੇ ਘਰ `ਤੇ ਕਬਜ਼ਾ ਕਰਨ ਜਾਂ ਮਾਰਨ ਦੀ ਮਨਸ਼ਾ ਨਾਲ ਹਮਲਾਵਰ ਹੋ ਜਾਏ, ਫਿਰ ਤਾਂ ਓਹਦਾ ਮੂੰਹ ਭੰਨਣਾ ਧਰਮ ਦੀ ਦੁਨੀਆਂ ਵਿੱਚ ਵੀ ਗਲਤ ਨਹੀ ਮੰਨਿਆ ਜਾਂਦਾ। ਇਸ ਲਈ ਖ਼ਾਲਸਾ ਪੰਥ ਦਾ ਨਿਮਾਣਾ ਜਿਹਾ ਪ੍ਰਚਾਰਕ ਹੋਣ ਨਾਤੇ ਆਪਣਾ ਧਰਮ ਸਮਝਦਿਆਂ, ਲੇਖਕ ਨੂੰ ਕੁੱਝ ਸੁਆਲ ਕਰਨ ਦਾ ਮਨ ਬਣਾਇਆ ਹੈ। ਤਾਂ ਜੋ ਉਹ ਆਪ ਹੀ ਬਿਨ੍ਹਾਂ ਕਿਸੇ ਰੋਸ ਤੋਂ ਗੁਰਸਿੱਖ ਸੰਗਤਾਂ ਅੰਦਰ ਪੈਦਾ ਹੋਏ ਸ਼ੰਕਿਆਂ ਤੇ ਸੁਆਲਾਂ ਦਾ ਵਿਸਥਾਰਤ ਉਤਰ ਦੇ ਕੇ ਸਿੱਖ ਸੰਗਤਾਂ ਦੀ ਸ਼ੰਕਾ ਨਵਿਰਤੀ ਕਰੇ ਜਾਂ ਗੁਰਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਲਈ ਸਿੱਖ ਸੰਗਤਾਂ ਪਾਸੋਂ ਮੁਆਫੀ ਮੰਗੇ।

ਮੈਂ ਉਮੀਦ ਕਰਦਾਂ ਹਾਂ ਕਿ ਸਿੱਖ ਜਥੇਬੰਦੀਆਂ ਦੇ ਮੁਖੀ ਸਜਣ ਤੇ ਹੋਰ ਵਿਦਵਾਨ ਵੀ ਪਹਿਲਾਂ ਉਹਦੀ ਲਿਖਤ ਨੂੰ ਧਿਆਨ ਪੂਰਵਕ ਪੜ੍ਹਣਗੇ। ਅਤੇ ਫਿਰ ਦਾਸਰੇ ਵਲੋਂ ਉਠਾਏ ਸ਼ੰਕਿਆਂ ਤੇ ਸੁਆਲਾਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੀ ਆਪਣੀ ਰਾਇ ਦੇਣਗੇ, ਤਾਂ ਜੋ ਸਿੱਖੀ ਦੇ ਲਿਬਾਸ ਵਿੱਚ ਵਿਚਰਦੇ ਇਸ ਵਰਗੇ ਹੋਰ ਬਿਪਰਵਾਦੀਆਂ ਦੇ ਵੀ ਮੂੰਹ ਬੰਦ ਹੋ ਸਕਣ। ਜਿਹੜੇ, ਕਿਧਰੇ ਤਾਂ ਆਰ. ਐਸ. ਐਸ ਦੀ ਕੁਟਿਲਨੀਤੀ ਦਾ ਸ਼ਿਕਾਰ ਹੋ ਕੇ ਗੁਰਬਾਣੀ ਦੇ ਸਹਾਰੇ ਗੁਰੂ ਨਾਨਕ ਸਾਹਿਬ ਜੀ ਦੇ ਅਜੂਨੀ-ਸਿਧਾਂਤ ਦੇ ਵਿਪਰੀਤ ਅਵਤਾਰਵਾਦ ਨੂੰ ਬਢਾਵਾ ਦਿੰਦੇ ਹਨ ਅਤੇ ਕਿਧਰੇ ਵਿਅਕਤੀਗਤ ਪੂਜਾ ਦੇ ਪ੍ਰਚਾਰਕ ਡੇਰੇਦਾਰਾਂ ਦੀ ਪਿੱਠ ਪੂਰਦੇ ਹਨ। ਇਸ ਪੱਖੋਂ ਇੱਕ ਪੰਥ-ਦਰਦੀ ਸ਼ਾਇਰ ਸਾਨੂੰ ਇਉਂ ਸੁਚੇਤ ਕਰਦਾ ਹੈ: ਲਿਬਾਸਿ ਖ਼ਿਜ਼ਰ ਮੇਂ ਯਾਂ, ਸੈਂਕੜੇ ਰਾਹਜ਼ਨ ਭੀ ਫਿਰਤੇ ਹੈਂ, ਅਗਰ ਦੁਨੀਆਂ ਮੇਂ ਰਹਨਾ ਹੈ, ਤੋ ਕੁਛ ਪਹਿਚਾਨ ਪੈਦਾ ਕਰ।

ਪ੍ਰਸ਼ਨ (੧):- ਕੀ ਬਾਬਾ ਸ੍ਰੀ ਚੰਦ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੇ ਆਗਿਆਕਾਰੀ ਸਪੁਤਰ ਸਨ?

ਲੇਖਕ ਵੀਰ ਜੀ! ਆਪ ਨੇ ਗੁਰੂ ਸਾਹਿਬਾਨ ਜੀ ਦੇ ਪਵਿਤਰ ਨਾਵਾਂ ਨਾਲ ਤਾਂ 'ਮਹਾਰਾਜ' ਵਿਸ਼ੇਸ਼ਣ ਵਰਤਣ ਤੋਂ ਬੜਾ ਸੰਕੋਚ ਕੀਤਾ ਹੈ। ਪਰ, ਬਾਬਾ ਸ੍ਰੀ ਚੰਦ ਜੀ ਨੂੰ 'ਮਹਾਰਾਜ' 'ਬ੍ਰਹਮਗਿਆਨੀ' ਆਦਿਕ ਵਿਸ਼ੇਸ਼ਣਾਂ ਨਾਲ ਸਤਿਕਾਰਦਿਆਂ ਗੁਰੂ ਨਾਨਕ ਸਾਹਿਬ ਜੀ ਮਹਾਰਜ ਦਾ ਆਗਿਆਕਾਰੀ ਤੇ ਹੋਨਹਾਰ ਸਪੁਤਰ ਲਿਖਿਆ ਹੈ। ਪਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਖੇ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਦੋਹਾਂ ਪੁਤਰਾਂ (ਬਾਬਾ ਸ੍ਰੀ ਚੰਦ ਤੇ ਲਖਮੀਦਾਸ) ਨੂੰ ਪਿਤਾ-ਗੁਰੂ ਤੋਂ ਆਕੀ, ਖੋਟੇ ਦਿਲਾਂ ਵਾਲੇ, ਗੁਰਬਚਨਾਂ ਤੋਂ ਭਗੌੜੇ ਅਤੇ ਧੰਧਿਆਂ ਦੀ ਛੱਟ ਚੁੱਕੀ ਫਿਰਦੇ ਦੁਨੀਆਂਦਾਰਾਂ ਵਿੱਚ ਗਿਣਿਆ ਹੈ। ਇਹੀ ਕਾਰਣ ਸੀ ਕਿ ਗੁਰਿਆਈ ਦੀ ਦਾਤ ਪੁਤਰਾਂ ਦੀ ਥਾਂ ਆਗਿਆਕਾਰੀ ਸੇਵਕ ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ) ਨੂੰ ਬਖ਼ਸ਼ਿਸ਼ ਹੋਈ। ਉਸ ਗੁਰਵਾਕ ਦਾ ਲਿਖਤੀ ਸਰੂਪ ਅਤੇ ਅਰਥ ਗੁਰਬਾਣੀ ਸਟੀਕਾਂ ਵਿੱਚ ਇਸ ਪ੍ਰਕਾਰ ਹਨ:

ਸਚੁ ਜਿ ਗੁਰਿ ਫੁਰਮਾਇਆ, ਕਿਉ ਏਦੂ ਬੋਲਹੁ ਹਟੀਐ॥
ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨ੍ਹੁ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ, ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥ {ਪੰਨਾ ੯੬੭}

ਅਰਥ : — ਗੁਰੂ ਨਾਨਕ ਸਾਹਿਬ ਜੀ ਨੇ ਜੋ ਵੀ ਹੁਕਮ ਕੀਤਾ, ਗੁਰੂ ਅੰਗਦ ਸਾਹਿਬ ਜੀ ਨੇ ਉਸ ਨੂੰ ਸੱਚ ਕਰਕੇ ਮੰਨਿਆ, ਅਤੇ ਆਪ ਨੇ ਉਸ ਦੇ ਮੰਨਣ ਤੋਂ ਕਦੇ ਨਾਂਹ ਨਹੀਂ ਕੀਤੀ। ਸਤਿਗੁਰੂ ਜੀ ਦੇ ਪੁਤ੍ਰਾਂ ਨੇ ਬਚਨ ਨਾ ਮੰਨਿਆ, ਉਹ ਗੁਰੂ ਵਲ ਪਿੱਠ ਦੇ ਕੇ ਸਦਾ ਹੁਕਮ ਹੀ ਮੋੜਦੇ ਰਹੇ। ਅਜਿਹੇ ਲੋਕ ਜੋ ਖੋਟੇ ਦਿਲਾਂ ਵਾਲੇ ਹੋਣ ਕਾਰਨ ਗੁਰੂ ਵੱਲੋਂ ਆਕੀ ਹੋਏ ਫਿਰਦੇ ਹਨ ਅਤੇ ਦੁਨੀਆ ਦੇ ਧੰਧਿਆਂ ਦੀ ਛੱਟ ਦਾ ਭਾਰ ਬੰਨ੍ਹ ਕੇ ਚੁੱਕੀ ਰੱਖਦੇ ਹਨ।

ਗੁਰਬਾਣੀ ਦੇ ਮੁੱਢਲੇ ਵਿਆਖਿਆਕਾਰ ਤੇ ਗੁਰਮਤਿ ਦੇ ਪ੍ਰਮੁੱਖ ਪ੍ਰਚਾਰਕ ਭਾਈ ਸਾਹਿਬ ਭਾਈ ਗੁਰਦਾਸ ਜੀ ਉਪਰੋਕਤ ਗੁਰਵਾਕ ਦੀ ਵਿਆਖਿਆ ਇਉਂ ਕੀਤੀ ਹੈ:

ਫਿਰਿ ਬਾਬਾ ਆਇਆ ਕਰਤਾਰਪੁਰਿ, ਭੇਖੁ ਉਦਾਸੀ ਸਗਲ ਉਤਾਰਾ॥
ਪਹਿਰਿ ਸੰਸਾਰੀ ਕਪੜੇ, ਮੰਜੀ ਬੈਠਿ ਕੀਆ ਅਵਤਾਰਾ॥
ਉਲਟੀ ਗੰਗ ਵਹਾਈਓਨਿ, ਗੁਰ ਅੰਗਦੁ ਸਿਰਿ ਉਪਰਿ ਧਾਰਾ॥
ਪੁਤਰੀ ਕਉਲੁ ਨ ਪਾਲਿਆ, ਮਨਿ ਖੋਟੇ ਆਕੀ ਨਸਿਆਰਾ॥ ੩੮॥ ੧॥

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਸ ਪਉੜੀ ਦੇ ਅਰਥ ਇਉਂ ਕੀਤੇ ਹਨ: ਫੇਰ ਬਾਬਾ ਜੀ (ਗੁਰੂ ਨਾਨਕ ਸਾਹਿਬ) ਨੇ ਕਰਤਾਰ ਪੁਰ ਚਰਣ ਪਾਏ ਤੇ ਸਾਰਾ ਉਦਾਸੀ ਭੇਖ (ਸਰੀਰੋਂ) ਲਾਹ ਦਿੱਤਾ। ਸੰਸਾਰੀ ਕਪੜੇ ਪਹਿਰ ਲੀਤੇ, ਮੰਜੀ (ਗੱਦੀ) ਉਪਰ ਬੈਠ ਕੇ ਅਵਤਾਰ (ਬਿਰਾਜਨਾ) ਕੀਤਾ। ਭਾਵ, ਲੋਕਾਂ ਦਾ ਪਾਰ ਉਤਾਰਾ ਕੀਤਾ। ਗੰਗਾ ਉਲਟੀ ਚਲਾ ਦਿੱਤੀ, ਅੰਗਦ ਨੂੰ ਸਿਰ ਪੁਰ (ਗੁਰੂ ਕਰਕੇ) ਧਾਰਿਆ (ਭਾਵ ਥਾਪਿਆ)। (ਕਿਉਂ ਜੋ) ਪੁਤ੍ਰਾਂ ਨੇ ਬਚਨ ਨੂੰ ਨਾ ਮੰਨਿਆਂ, ਖੋਟੇ ਮਨ, ਆਕੀ ਤੇ ਨਸਣ ਵਾਲੇ ਹੋ ਗਏ।

ਲੇਖਕ ਜੀ! ਕੀ ਹੁਣ ਤੁਸੀਂ ਉਪਰੋਕਤ ਗੁਰਵਾਕ ਤੇ ਭਾਈ ਗੁਰਦਾਸ ਜੀ ਦੇ ਬਚਨਾਂ ਦੀ ਰੌਸ਼ਨੀ ਵਿੱਚ ਸਪਸ਼ਟ ਕਰਨ ਦੀ ਖੇਚਲ ਕਰੋਗੇ ਕਿ ਗੁਰੂ ਨਾਨਕ ਸਾਹਿਬ ਜੀ ਦੇ ਪੁਤਰਾਂ ਵਿਚੋਂ ਕਿਸੇ ਨੂੰ ਵੀ ਬ੍ਰਹਮਗਿਆਨੀ ਤੇ ਆਗਿਆਕਾਰੀ ਸਪੁਤਰ ਦੀ ਪਦਵੀ ਦਿੱਤੀ ਜਾ ਸਕਦੀ ਹੈ? ਭਾਈ ਗੁਰਦਾਸ ਜੀ ਤਾਂ ਹਜ਼ੂਰ ਦੀ ਬਿੰਦੀ-ਸੰਤਾਨ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਲਈ ਕੇਵਲ 'ਪੁੱਤਰ' ਲਫ਼ਜ਼ ਦੀ ਵਰਤੋਂ ਕੀਤੀ ਹੈ। ਪਰ, ਆਗਿਆਕਾਰੀ ਪਰਮ-ਸੇਵਕ ਭਾਈ ਲਹਿਣਾ ਜੀ ਨੂੰ 'ਸਪੁੱਤਰ' ਪੁੱਤਰ ਕਹਿੰਦਿਆਂ, ਬਾਬੇ ਦੇ ਘਰ ਦਾ ਚਾਨਣ ਕਹਿ ਕੇ ਵਿਸ਼ੇਸ਼ ਸਤਿਕਾਰ ਦਿੱਤਾ ਹੈ। ਉਨ੍ਹਾਂ ਦੀਆਂ ਰਚਿਤ ੨੪ਵੀਂ ਵਾਰ ਵਿੱਚ ੬ਵੀਂ ਤੇ ੭ਵੀਂ ਪਉੜੀ ਦੇ ਅਖ਼ੀਰ ਵਿੱਚ ਤੱਤ-ਰੂਪ ਬਚਨ ਪੜ੍ਹੇ ਜਾ ਸਕਦੇ ਹਨ: "ਬਾਬਾਣੈ ਘਰਿ ਚਾਨਣੁ ਲਹਿਣਾ" ਅਤੇ "ਪੁਤੁ ਸਪੁਤੁ ਬਾਬਾਣੇ ਲਹਣਾ"।

ਪ੍ਰਸ਼ਨ ੨:- ਕੀ ਬਾਬਾ ਸ੍ਰੀ ਚੰਦ ਜੀ ਨੇ ਛੇਵੇਂ ਪਾਤਸ਼ਾਹ ਦੇ ਸਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਉਤਰਾਧਿਕਾਰੀ ਥਾਪਿਆ ਸੀ?

ਲੇਖਕ ਵੀਰ ਜੀ! ਇਸ ਪੱਖੋਂ ਤੁਸੀ ਵੀ ਦਾਸ ਨਾਲ ਸਹਿਮਤ ਹੋਵੋਗੇ ਕਿ ਇਤਿਹਾਸਕ ਤੇ ਸਿਧਾਂਤਕ ਦ੍ਰਿਸ਼ਟੀਕੋਨ ਤੋਂ ਪਿਛਲੀ ਸਦੀ ਦਾ ਸਭ ਤੋਂ ਵਧੇਰੇ ਪ੍ਰਮਾਣੀਕ ਗ੍ਰੰਥ ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ ਮਹਾਨਕੋਸ਼ ਹੈ। ਉਸ ਅਨੁਸਾਰ ਬਾਬਾ ਸ੍ਰੀ ਚੰਦ ਦਾ ਦੇਹਾਂਤ ੧੫ ਅਸੂ ਸੰਮਤ ੧੬੬੯ (ਸੰਨ ੧੬੧੨) ਨੂੰ ਚੰਬੇ ਦੀਆਂ ਪਹਾੜੀਆਂ ਵਿੱਚ ਰਾਵੀ ਦਰਿਆ ਦੇ ਕਿਨਾਰੇ ਹੋਇਆ ਅਤੇ ਬਾਬਾ ਗੁਰਦਿੱਤਾ ਜੀ ਦਾ ਜਨਮ ਕੱਤਕ ਸੁਦੀ ੧੫ ਸੰਮਤ ੧੬੭੦ (ਸੰਨ ੧੬੧੩) ਨੂੰ ਪਿੰਡ ਡਰੌਲੀ ਜ਼ਿਲਾ ਫ਼ੀਰੋਜ਼ਪੁਰ ਵਿਖੇ ਹੋਇਆ। ਸਪਸ਼ਟ ਹੈ ਕਿ ਬਾਬਾ ਗੁਰਦਿੱਤਾ ਜੀ ਦਾ ਜਨਮ, ਬਾਬਾ ਸ੍ਰੀ ਚੰਦ ਦੇ ਅਕਾਲ ਚਲਾਣੇ ਤੋਂ ਠੀਕ ੧੩ ਮਹੀਨੇ ਪਿਛੋਂ ਹੋਇਆ।

ਇਸ ਲਈ ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਦੋਂ ਬਾਬਾ ਸ੍ਰੀ ਚੰਦ ਜੀ ਦੇ ਅਕਾਲ ਚਲਾਣੇ ਵੇਲੇ ਬਾਬਾ ਗੁਰਦਿੱਤਾ ਜੀ ਦੀ ਕੋਈ ਸਰੀਰਕ ਹੋਂਦ ਹੀ ਨਹੀ ਸੀ, ਤਾਂ ਫਿਰ ਉਨ੍ਹਾਂ ਨੂੰ ਬਾਬਾ ਸ੍ਰੀ ਚੰਦ ਵਲੋਂ ਉਤਰਾਧਿਕਾਰੀ ਥਾਪਣ ਦੀ ਗੱਲ ਕਿਵੇਂ ਸੱਚ ਮੰਨੀ ਜਾ ਸਕਦੀ ਹੈ? ਗੁਰਮਤਿ ਵਿਚਾਰਧਾਰਾ ਦੀਆਂ ਵਿਰੋਧੀ ਸ਼ਕਤੀਆਂ ਵਲੋਂ ਇੱਕ ਗਿਣੀ-ਮਿਥੀ ਸਾਜਿਸ਼ ਤਹਿਤ ਬਿਪਰਵਾਦੀ ਰੰਗ ਵਿੱਚ ਰੰਗੇ ਜਾ ਚੁੱਕੇ ਗੁਰਪ੍ਰਤਾਪ ਸੂਰਜ (ਸੂਰਜ ਪ੍ਰਕਾਸ਼) ਗ੍ਰੰਥ `ਤੇ ਅਧਾਰਤ ਉਦਾਸੀਆਂ ਦੇ ਪ੍ਰਚਾਰ ਦੁਆਰਾ ਇਹ ਮਨੋਕਲਪਿਤ ਕਹਾਣੀ ਤਾਂ ਬਹੁਤ ਚਿਰ ਪਹਿਲਾਂ ਤੋਂ ਹੀ ਪ੍ਰਚਲਿਤ ਕੀਤੀ ਜਾ ਚੁੱਕੀ ਸੀ ਕਿ

ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਸ੍ਰੀ ਚੰਦ ਦੀ ਬੇਨਤੀ ਸੁਣ ਕੇ ਆਪਣਾ ਵੱਡਾ ਸਾਹਿਬਜ਼ਾਦਾ ਬਾਬਾ ਗੁਰਦਿੱਤਾ ਜੀ, ਉਨ੍ਹਾਂ ਨੂੰ ਸੌਂਪ ਦਿੱਤਾ, ਜਿਸ ਨੂੰ ਬਾਬਾ ਜੀ ਨੇ ਆਪਣੀ ਥਾਂ ਉਦਾਸੀ ਸੰਪਰਦਾ ਦਾ ਮੁਖੀ ਨੀਯਤ ਕੀਤਾ। ਗੁਰੂ ਘਰ ਵਲੋਂ ਹਰ ਸਾਲ ਇੱਕ ਘੋੜਾ ਤੇ ਪੰਜ ਸੌ ਰੁਪੈ ਸ੍ਰੀ ਚੰਦ ਨੂੰ ਭੇਟ ਕਰਨ ਦੀ ਗੱਲ ਵੀ ਉਦਾਸੀਆਂ ਨੇ ਹੀ ਮਸ਼ਹੂਰ ਕੀਤੀ, ਤਾਂ ਜੋ ਬਾਬਾ ਜੀ ਨੂੰ ਗੁਰੂ ਸਾਹਿਬਾਂ ਤੋਂ ਵੀ ਵੱਡਾ ਸਿੱਧ ਕਰਦਿਆਂ ਉਦਾਸੀ ਸੰਪਰਦਾ ਨੂੰ ਗੁਰੂ ਨਾਨਕ ਦ੍ਰਿਸ਼ਟੀ ਵਿੱਚ ਪ੍ਰਵਾਨ ਚਾੜ੍ਹਿਆ ਜਾਵੇ। ਕਿਉਂਕਿ, ਭੇਟਾ ਜਾਂ ਚੜ੍ਹਾਵਾ ਤਾਂ ਆਪਣੇ ਕਿਸੇ ਪੂਜਨੀਕ ਵੱਡੇ ਨੂੰ ਹੀ ਅਰਪਣ ਕੀਤਾ ਜਾਂਦਾ ਹੈ, ਜਿਹੜਾ ਸਾਨੂੰ ਧਾਰਮਿਕ ਦ੍ਰਿਸ਼ਟੀਕੋਨ ਤੋਂ ਪ੍ਰਵਾਨ ਹੋਵੇ। ਦੁੱਖ ਦੀ ਗੱਲ ਹੈ ਕਿ ਕਿ ਇਤਿਹਾਸਕ ਤੱਥਾਂ ਨੂੰ ਵਿਚਾਰੇ ਬਗੈਰ ਕਈ ਵੱਡੇ ਵੱਡੇ ਗੁਰਸਿੱਖ ਵਿਦਵਾਨ ਵੀ ਇਸ ਸਾਜਿਸ਼ ਦਾ ਸ਼ਿਕਾਰ ਹੋਏ ਦਿਸਦੇ ਹਨ। ਤੁਸੀਂ ਵੀ ਲਿਖਿਆ ਹੈ ਕਿ "ਬਾਬਾ ਸ੍ਰੀ ਚੰਦ ਨੇ ਉਦਾਸੀ ਮੱਤ ਨੂੰ ਅਗੇ ਤੋਰਨ ਲਈ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਉਤਰਅਧਿਕਾਰੀ ਨਿਯੁਕਤ ਕੀਤਾ ਸੀ"। ਭਾਵੇਂ ਕਿ ਇਤਿਹਾਸਿਕ ਦ੍ਰਿਸਟੀਕੋਨ ਤੋਂ ਇਹ ਘਟਨਾ ਹਿਮਾਲੀਆ ਪਹਾੜ ਜਿੱਡਾ ਝੂਠ ਸਾਬਿਤ ਹੋ ਚੁੱਕੀ ਹੈ। ਪਰ, ਕਮਾਲ ਹੈ ਕਿ ਤੁਸੀਂ ਤਾਂ ਗੱਪ ਮਾਰਨ ਵਿੱਚ ਝੂਠ ਦੇ ਇਤਨੇ ਵੱਡੇ ਪਹਾੜ ਨੂੰ ਵੀ ਟੱਪ ਗਏ ਹੋ। ਕਿਉਂਕਿ, ਤਸੀਂ ਕਿਸੇ ਆਪਣੇ ਵਰਗੇ ਸਾਥੀ ਲਿਖਾਰੀ ਦੀ ਪੁਸਤਕ ਦਾ ਹਵਾਲਾ ਦੇ ਕੇ ਇਤਿਹਾਸਕ ਤੱਥਾਂ ਤੋਂ ਕੋਰਾ ਇਹ ਕੂੜ ਵੀ ਲਿਖ ਮਾਰਿਆ ਹੈ ਕਿ ਗੁਰੂ ਅੰਗਦ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਸਾਹਿਬ ਜੀ ਨੇ ਵੀ ਆਪਣਾ ਇੱਕ ਇੱਕ ਸਾਹਿਜ਼ਾਦਾ ਬਾਬਾ ਸ੍ਰੀ ਚੰਦ ਨੂੰ ਚੜ੍ਹਾਇਆ ਸੀ। ਵੀਰ ਜੀ! ਸ਼ਾਇਦ ਤੁਸੀਂ ਸੋਚਦੇ ਹੋਵੋ ਕਿ ਇਤਨਾ ਝੂਠ ਲਿਖਣ ਦੇ ਬਦਲੇ ਤੁਹਾਡੇ ਗੁਰੂ-ਬਾਬੇ ਵਿਰਸਾ ਸਿੰਘ ਦਿੱਲੀ ਦੇ 'ਗੋਬਿੰਦ ਸਦਨ' ਦੀ ਗੱਦੀ ਵੀ ਤਹਾਨੂੰ ਪ੍ਰਾਪਤ ਹੋ ਜਾਵੇਗੀ। ਬਿਅੰਤ ਸਾਰਾ ਪੂਜਾ ਦਾ ਧਨ ਅਤੇ ਧੱਕੇ ਨਾਲ ਕਬਜ਼ੇ ਕੀਤੀ ਕਰੋੜਾਂ ਰੁਪੈ ਦੀ ਜ਼ਮੀਨ ਤੇ ਹੋਰ ਮਾਲ ਵੀ ਇਸ ਡੇਰੇਦਾਰ ਦੇ ਮਗਰੋਂ ਤੁਹਾਡੀ ਝੋਲੀ ਪੈ ਜਾਵੇਗਾ। ਪਰ ਮੇਰਾ ਖਿਆਲ ਹੈ ਕਿ ਅਜਿਹਾ ਸੁਆਰਥੀ ਕੂੜ ਲਿਖ ਕੇ ਤੁਸਾਂ ਉਦਾਸੀ ਸੰਪਰਦਾ ਦੇ ਢੋਲ ਦਾ ਪੋਲ ਖੁਲਵ੍ਹਾ ਕੇ ਬਹੁਤ ਨੁਕਸਾਨ ਕਰਵਾ ਲਿਆ ਹੈ। ਕਿਉਂਕਿ, ਪਹਿਲਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਬੀ-ਬਾਣ (ਪੁਤ੍ਰੀਂ ਕਉਲੁ ਨ ਪਾਲਿਓ) ਨੇ ਤੁਹਾਡੇ ਸੰਪਰਦਾਈ ਮਹਲ ਦੀਆਂ ਨੀਹਾਂ ਹਿਲਾ ਦਿੱਤੀਆਂ ਹਨ। ਉਸ ਗੁਰਵਾਕ ਦੀ ਰੌਸ਼ਨੀ ਵਿੱਚ ਕੋਈ ਨਹੀ ਮੰਨ ਸਕਦਾ ਕਿ ਬਾਬਾ ਸ੍ਰੀ ਚੰਦ ਵਰਗੇ ਵਿਅਕਤੀ ਨੂੰ ਗੁਰੂ-ਨਾਨਕ ਸਾਹਿਬ ਜੀ ਮਹਾਰਾਜ ਦੇ ਆਗਿਆਕਾਰੀ ਸਪੁਤਰ ਸਨ। ਇਹ ਵੀ ਕਦਾਚਿਤ ਨਹੀਂ ਮੰਨਿਆਂ ਜਾ ਸਕਦਾ ਕਿ ਜਿਹੜਾ ਵਿਅਕਤੀ ਗੁਰੂ ਨਾਨਕ ਸਾਹਿਬ ਜੀ ਦੀ ਦ੍ਰਿਸ਼ਟੀ ਵਿੱਚ ਗੁਰੂ ਹੁਕਮਾਂ ਤੋਂ ਆਕੀ, ਖੋਟੇ ਦਿਲ ਵਾਲਾ ਅਤੇ ਅਧਿਆਤਮੀ ਹੋਣ ਦੀ ਥਾਂ, ਕੇਵਲ ਦੁਨਿਆਵੀ ਧੰਧਿਆਂ ਵਿੱਚ ਖਚਿਤ ਗ੍ਰਿਹਸਥੀ ਜੀਵਨ ਨੂੰ ਨਫਰਤ ਕਰਨ ਵਾਲਾ ਹੋਵੇ, ਉਸ ਨੂੰ ਆਪਣੇ ਮਿਸ਼ਨ ਦਾ ਗੁਰਮਤਿ ਪ੍ਰਚਾਰਕ ਥਾਪ ਕੇ ਅਗਾਂਹ ਲਈ ਪ੍ਰਚਾਰਕ ਤਿਆਰ ਕਰਨ ਦੀ ਜ਼ੁਮੇਵਾਰੀ ਵਾਰੀ ਵੀ ਉਸਨੂੰ ਹੀ ਸੌਂਪ ਦੇਣ। ਕਿਉਂਕਿ, ਤੁਸੀਂ ਤਾਂ ਲਿਖ ਮਾਰਿਆ ਹੈ ਕਿ ਗੁਰੂ ਜੀ ਨੇ ਪ੍ਰਸੰਨ ਹੋ ਕੇ ਬਾਬਾ ਸ੍ਰੀ ਚੰਦ ਹੁਰਾਂ ਨੂੰ ਉਦਾਸੀ ਬਾਣੇ ਵਿੱਚ ਤੇ ਉਦਾਸੀ ਰੀਤ (ਜਿਹੜੀ ਬਿਪਰਵਾਦੀ ਰੀਤ ਗੁਰਮਤਿ ਦੇ ਵਿਪਰੀਤ ਹੈ) ਦੇ ਅਨੁਸਾਰ ਗੁਰਮਤਿ ਪ੍ਰਚਾਰ ਕਰਨ ਤੇ ਆਪਣੇ ਵਰਗੇ ਹੋਰ ਪ੍ਰਚਾਰਕ ਤਿਆਰ ਕਰਨ ਦੀ ਬਖ਼ਸ਼ਿਸ਼ ਕੀਤੀ। ਹਾਂ, ਇਹ ਗੱਲ ਤਾਂ ਮੰਨਣ ਵਿੱਚ ਆਉਂਦੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਵਲੋਂ ਆਪਣੇ ਅਤਿਅੰਤ ਆਗਿਆਕਾਰੀ ਸੇਵਕ ਬਾਬਾ ਲਹਿਣਾ ਜੀ (ਗੁਰੂ ਅੰਗਦ ਸਾਹਿਬ ਜੀ) ਨੂੰ ਗੁਰਗੱਦੀ ਸੌਂਪਣ ਦੇ ਸਮੇਂ ਤੋਂ ਪਹਿਲਾਂ ਤਾਂ ਬਾਬਾ ਸ੍ਰੀ ਚੰਦ ਜੀ ਗੁਰਿਆਈ ਮਿਲਣ ਦੀ ਆਸ ਵਿੱਚ ਸ੍ਰੀ ਕਰਤਾਰਪੁਰ ਦੀ ਧਰਮਸ਼ਾਲ ਦੀਆਂ ਜ਼ੁਮੇਂਵਾਰੀਆਂ ਚੁੱਪ-ਚਾਪ ਨਿਭਾਂਦੇ ਰਹੇ ਹੋਣਗੇ ਕਿ ਪਿਤਾ ਜੀ ਤੇ ਸੰਗਤਾਂ ਮੇਰੇ `ਤੇ ਖੁਸ਼ ਰਹਿਣ। ਪਰ, ਜਦੋਂ ਗੁਰਿਆਈ ਨਾ ਮਿਲੀ ਤਾਂ ਉਸ ਨੇ ਬਿਪਰਵਾਦੀਆਂ ਸ਼ਕਤੀਆਂ ਦੀ ਸ਼ਹਿ `ਤੇ ਓਵੇਂ ਹੀ ਇੱਕ ਵਖਰਾ ਪੰਥ ਕਾਇਮ ਕਰਕੇ ਗੱਦੀ ਲਾ ਕੇ ਬਹਿ ਗਿਆ ਹੋਵੇਗਾ। ਦੂਜੇ, ਮਹਾਨਕੋਸ਼ ਦੇ ਹਵਾਲੇ ਨੇ ਤੁਹਾਡੇ ਨੀਹਾਂ ਹਿੱਲੇ ਸੰਪਰਦਾਈ ਮਹੱਲ ਨੂੰ ਬਿਲਕੁੱਲ ਹੀ ਢਹਿ ਢੇਰੀ ਕਰ ਦਿੱਤਾ ਹੈ। ਕਿਉਂਕਿ, ਇਸ ਪ੍ਰਮਾਣ ਨਾਲ ਉਦਾਸੀ ਸੰਪਰਦਾ ਦੇ ਗੱਦੀਦਾਰਾਂ ਦੀ ਕਹਾਣੀ ਹੀ ਮੁਢੋਂ ਹੀ ਝੂਠੀ ਸਿੱਧ ਹੋ ਜਾਂਦੀ ਹੈ। ਬਾਬਾ ਸ੍ਰੀ ਚੰਦ ਦੇ ਅਕਾਲ ਚਲਾਣੇ ਦੇ ੧੩ ਮਹੀਨੇ ਦੇ ਫਰਕ ਪਿਛੋਂ ਬਾਬਾ ਗੁਰਦਿੱਤਾ ਜੀ ਦਾ ਜਨਮ ਹੋਣ ਦੀ ਸਚਾਈ ਨੇ ਉਦਾਸੀ ਸੰਪਰਦਾ ਦੇ ਝੂਠ ਨੂੰ ਬਿਲਕੁਲ ਨੰਗਿਆਂ ਕਰ ਦਿੱਤਾ ਹੈ। ਇਸ ਲਈ ਲੇਖਕ ਵੀਰ ਜੀ ਮੈਨੂੰ ਫਿਕਰ ਲਗ ਗਿਆ ਹੈ ਕਿ ਕਿਧਰੇ ਐਸਾ ਨਾ ਹੋਵੇ ਕਿ ਤੁਹਾਡਾ ਦੇਹਧਾਰੀ ਗੁਰੂ ਬਾਬਾ ਵਿਰਸਾ ਸਿੰਘ ਕਰੋਪ ਹੋ ਕੇ ਆਖੇ ਕਿ ਗੁਰਬਚਨ ਸਿਹਾਂ! ਤੂੰ ਤਾਂ ਇਹ ਲੇਖ ਲਿਖ ਕੇ ਸਾਡਾ ਭੱਠਾ ਹੀ ਬੈਠਾਅ ਦਿੱਤਾ ਹੈ ਤੇ ਤੁਹਾਡੀ ਇਹ ਅਮਰੀਕਾ ਵਿਚਲੀ ਨੌਕਰੀ ਵੀ ਜਾਂਦੀ ਰਹੇ? ਲੇਖਕ ਜੀ! ਆਪਣੇ ਉਤਰ ਵਿੱਚ ਇਹ ਰਹੱਸ ਵੀ ਖੋਲਣ ਦੀ ਖੇਚਲ ਕਰਿਓ ਕਿ ਕਿਧਰੇ ਐਸਾ ਤਾਂ ਨਹੀ ਕਿ ਤੁਸੀਂ ਚਹੁੰਦੇ ਹੋਵੋ ਕਿ ਇਸ ਢੰਗ ਦੇ ਪ੍ਰਚਾਰ ਰਾਹੀਂ ਖ਼ਾਲਸਾ ਪੰਥ ਦੇ ਗੁਰਮਤਿ ਪ੍ਰਚਾਰਕ ਤਿਆਰ ਕਰਨ ਦੀ ਜੁਮੇਂਵਾਰੀ ਵੀ ਬਾਬਾ ਸ੍ਰੀ ਚੰਦ ਦੇ ਉਪਾਸ਼ਕ ਵਿਰਸਾ ਸਿੰਘ ਦੀ ਝੋਲੀ ਪੈ ਜਾਵੇ ਅਤੇ ਫਿਰ ਸੰਘ ਦੀ ਨੀਤੀ ਅਨੁਸਾਰ ਆਪ ਜੀ ਤੇ ਬਾਵਾ ਸੰਤਰੇਣ ਭੁਦਨ ਵਾਲਿਆਂ ਵਰਗੇ ਪ੍ਰਚਾਰਕ ਤਿਆਰ ਕੀਤੇ ਜਾਣ, ਜਿਹੜੇ ਗੁਰੂ ਨਾਨਕ ਸਾਹਿਬ ਜੀ ਦੇ ਸਿੱਖੀ ਮਾਰਗ ਨੂੰ ਵੇਦ ਪੁਰਾਣਾਂ ਤੇ ਸਿਮ੍ਰਤੀਆਂ ਦਾ ਮਾਰਗ ਦਸਣ। ਤੇ ਇਸ ਪ੍ਰਕਾਰ ਗੁਰਦੁਆਰਿਆਂ ਵਿੱਚ ਵੀ ਗੋਬਿੰਦ ਸਦਨ ਵਾਂਗ ਆਪਣੀ ਦੁਕਾਨਦਾਰੀ ਚਲਾਉਣ ਲਈ ਸਭ ਧਰਮਾਂ ਦੇ ਸਤਿਕਾਰ ਦੇ ਬਹਾਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ (ਕਥਿਤ) ਦਸਮ ਗ੍ਰੰਥ ਅਤੇ ਹੋਰ ਅਨਮਤੀ ਧਾਰਮਿਕ ਪੁਸਤਕਾਂ ਰੱਖ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਨ੍ਹਾਂ ਸਾਰਿਆਂ ਦੇ ਰੋਲ-ਘਚੋਲੇ ਵਿੱਚ ਰੋਲ ਦਿੱਤਾ ਜਾਵੇ ਅਤੇ ਸਭ ਥਾਈਂ ਸ੍ਰੀ ਚੰਦ ਦੇ ਧੂੰਣੇ ਧੁਖਣ? ਕਿਉਂਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੁਹਾਡੇ ਵਰਗੀਆਂ ਬਿਪਰਵਾਦੀ ਸੰਪਰਦਾਵਾਂ ਦੀਆਂ ਜੜ੍ਹਾਂ ਤੇ ਕੁਹਾੜਾ ਮਾਰਦਾ ਹੈ।

ਸਿੱਖ ਸੰਗਤਾਂ ਦੀ ਹੋਰ ਤਸੱਲੀ ਲਈ ਕਿ ਉਦਾਸੀ ਬਾਵੇ (ਪ੍ਰਚਾਰਕ) ਸਿੱਖ ਸੰਗਤਾਂ ਨੂੰ ਕਿਵੇਂ ਗੁੰਮਰਾਹ ਕਰਦੇ ਰਹੇ, ਇਸ ਸਬੰਧੀ ਬਾਵਾ ਸੰਤਰੇਣ ਦਾ ਇੱਕ ਦੋਹਾ ਲਿਖ ਕੇ ਆਪਣੇ ਲੇਖ ਦੀ ਪਹਿਲੀ ਕਿਸ਼ਤ ਸਮਾਪਤ ਕਰਦਾ ਹਾਂ, ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਦਾਸੀਆਂ ਨੇ ਗੁਰੂ ਨਾਨਕ ਦੇ ਨਿਆਰੇ ਤੇ ਨਿਰਮਲ ਪੰਥ ਨੂੰ ਵੇਦਾਂ ਪੁਰਾਣਥ ਤੇ ਸਿਮਰਤੀਆਂ ਦਾ ਮਾਰਗ ਦਰਸਾਣ ਲਈ ਕਿਵੇਂ ਚਾਲਾਂ ਚਲੀਆਂ: ਆਦਿ ਅਚਾਰਜ ਨਾਨਕ ਦੇਵ, ਨਿਰੰਜਨ ਅੰਜਨ ਮਾਹਿ ਨਿਵਾਸੀ। ਸਿੰਮ੍ਰਿਤਿ ਵੇਦ ਪੁਰਾਣ ਕੇ ਮਾਰਗ, ਜੀਵ ਲਗਾਇ ਕਟੀ ਭਵ ਫਾਸੀ।

ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਗੁਰਗੱਦੀ ਪ੍ਰਕਾਸ਼ ਕਦੋਂ ਹੋਇਆ ਸੀ?



ਦਵਿੰਦਰ ਸਿੰਘ ਆਰਟਿਸਟ

gurmatart140ds@gmail.com

ਸਿੱਖੋ ! ਉਕਤ ਸਵਾਲ ਨੂੰ ਧਿਆਨ ਨਾਲ ਸਮਝੋ ਕਿਉਂਕਿ ਇਸ ਸਵਾਲ ਦੇ ਜਵਾਬ ਨਾਲ ਸਿੱਖਾਂ ਦਾ ਬਹੁਤ ਵੱਡਾ ਭੁਲੇਖਾ ਦੂਰ ਹੋਣਾ ਹੈ। ਜਵਾਬ ਹੈ: 6 ਅਕਤੂਬਰ 1708 ਈ: ਵਿਚ ਨੰਦੇੜ ਦੀ ਧਰਤੀ ਉੱਤੇ, ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਗੁਰਗੱਦੀ ਪ੍ਰਕਾਸ਼ ਹੋਇਆ ਸੀ। ਗੱਲ ਸਮਝਣ ਵਾਲੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੋਂ ਮਗਰੋਂ, ਜਦੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੁਰਿਆਈ ਦਾ ਗੁਰਗੱਦੀ (ਤਖ਼ਤ) ਦਿੱਤਾ ਸੀ, ਉਦੋਂ ਹੀ ਨੰਦੇੜ ਦੀ ਧਰਤੀ ਉੱਤੇ, ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਗੁਰਗੱਦੀ ਪ੍ਰਕਾਸ਼ ਹੋਇਆ ਸੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜੇ ਸਿੱਖ ਕਹਿੰਦੇ ਹਨ ਕਿ 1604 ਈ: ਵਿਚ ਦਰਬਾਰ ਸਾਹਿਬ ਅੰਦਰ, ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਹੋਇਆ ਸੀ, ਉਹ ਝੂਠ ਕਿਉਂ ਬੋਲਦੇ ਹਨ? ਗੁਰਦੁਆਰਿਆਂ ਵਿਚ ਹਰ ਸਾਲ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਝੂਠ ਬੋਲ ਕੇ, ਸਿੱਖਾਂ ਨੂੰ ਗੁੰਮਰਾਹ ਕਿਉਂ ਕਰਦੇ ਹਨ? ਕੀ ਇਸ ਝੂਠ ਪਿੱਛੇ, ਕੋਈ ਵੱਡੀ ਸਾਜਿਸ਼ ਕੰਮ ਕਰ ਰਹੀ ਹੈ, ਜਿਹੜੀ ਸਿੱਖੀ-ਸਿਧਾਂਤਾਂ ਅਤੇ ਸਿੱਖ-ਸਤਿਗੁਰਾਂ ਨਾਲ ਸੰਬੰਧਤ ਸਿੱਖ-ਇਤਿਹਾਸ ਨੂੰ ਖ਼ਤਮ ਕਰਨਾ ਚਾਹੁੰਦੀ ਹੈ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਸਮਝਣ ਲਈ ਸਾਨੂੰ ਵਿਸਥਾਰ ਵਿਚ ਜਾਣਾ ਪਵੇਗਾ।

ਦਰਬਾਰ ਸਾਹਿਬ ਅੰਦਰ, ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਬਾਰੇ ਜਾਣਕਾਰੀ ਦੇਣ ਵਾਲੀ ਇਕੋ-ਇਕ ਰਚਨਾ, ਗੁਰ-ਬਿਲਾਸ ਪਾਤਸ਼ਾਹੀ ਛੇਵੀਂ ਹੈ ਜਿਸ ਨੂੰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਮੁੜ-ਸੰਪਾਦਿਤ ਕੀਤਾ ਸੀ।

ਲੇਖਕ ਪੂਰੇ ਸਿੱਖ ਇਤਿਹਾਸ ਨੂੰ ਵਿਚਾਰ ਕੇ ਲਿੱਖਦੇ ਹਨ ਕਿ ਸੰਨ 1927 ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨਕੋਸ਼ ਨੂੰ ਮੁਕੰਮਲ ਕਰ ਲਿਆ ਸੀ। ਮਹਾਨਕੋਸ਼ ਦੇ ਪੰਨਾ 80 ਦੇ ਪਹਿਲੇ ਕਾਲਮ ਵਿਚ ਲਿਖਿਆ ਹੈ: ਸੰਮਤ 1659-60 ਵਿਚ ਰਾਮਸਰ ਅਤੇ ਸੰਮਤ 1661(ਸੰਨ 1604) ਵਿਚ ਗੁਰੂ ਗ੍ਰੰਥ ਸਾਹਿਬ ਬੀੜ ਤਿਆਰ ਕੀਤੀ, ਇਸੇ ਸਾਲ ਸਿੱਖ ਧਰਮ ਦੇ ਪੁਸਤਕ ਨੂੰ ਹਰਿਮੰਦਰ ਅੰਦਰ ਥਾਪਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਠਹਿਰਾਇਆ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਗੁਰੂ ਗ੍ਰੰਥ ਸਾਹਿਬ ਨੂੰ ਥਾਪਣ ਦੀ ਗੱਲ ਲਿਖੀ ਹੈ ਨਾ ਕਿ ਪ੍ਰਕਾਸ਼ ਕਰਨ ਦੀ ਗੱਲ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਤੋਂ ਸਾਬਤ ਹੁੰਦਾ ਹੈ ਕਿ ਸੰਨ 1927 ਤਕ ਵੀ ਦਰਬਾਰ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਵਾਲੀ ਗੱਲ ਪ੍ਰਚੱਲਤ ਨਹੀਂ ਹੋਈ ਸੀ।

ਲੇਖਕ ਅਨੁਸਾਰ:-

1. ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਲੈ ਕੇ 1947 ਤਕ ਸਿੱਖ-ਕੌਮ, ਅੰਗਰੇਜ਼ੀ ਸਰਕਾਰ ਨਾਲ ਲਗਾਤਾਰ ਜੱਦੋ-ਜਹਿਦ ਕਰਦੀ ਰਹੀ। ਅੰਗਰੇਜ਼ੀ ਸਰਕਾਰ ਨੇ ਗੁਰਦੁਆਰਿਆਂ ਵਿਚ ਸਿੱਖਾਂ ਦੇ ਇਕੱਠ ਕਰਨ ਉੱਤੇ ਸਖ਼ਤੀ ਨਾਲ ਰੋਕ ਲਾ ਰੱਖੀ ਸੀ। ਇਸ ਲਈ ਸਿੱਖ ਗੁਰਦੁਆਰਿਆਂ ਵਿਚ ਕਿਸੇ ਪ੍ਰਕਾਰ ਦੇ ਦਿਨ-ਦਿਹਾੜੇ ਨਹੀਂ ਮਨਾ ਸਕੇ।

2. ਭਾਰਤ ਵਿਚੋਂ ਅੰਗਰੇਜ਼ੀ ਹੁਕਮਰਾਨਾਂ ਦੇ ਚਲੇ ਜਾਣ ਤੋਂ ਬਾਅਦ ਭਾਰਤ ਵਿਚ ਭਾਰਤੀ ਸੰਵਿਧਾਨ ਹੇਠ ਕਾਂਗਰਸ ਦੀ ਆਪਣੀ ਸਰਕਾਰ ਬਣ ਗਈ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਗਰੇਜ਼ਾਂ ਦੀ ਸਰੀਰਕ ਗ਼ੁਲਾਮੀ ਤੋਂ ਤਾਂ ਅਜ਼ਾਦ ਹੋ ਚੁੱਕੀ ਗਈ ਸੀ ਪਰ ਗੁਰਦੁਆਰਾ ਐਕਟ-1925 ਅਧੀਨ ਮਾਨਸਿਕ ਗ਼ੁਲਾਮੀ ਬਰਕਰਾਰ ਸੀ। ਸਰੀਰਕ ਗ਼ੁਲਾਮੀ ਨਾਲੋਂ ਮਾਨਸਿਕ ਗ਼ੁਲਾਮੀ ਜ਼ਿਅਦਾ ਖ਼ਤਰਨਾਕ ਹੁੰਦੀ ਹੈ।

3. ਕਮੇਟੀ ਨੇ ਸਭ ਤੋਂ ਪਹਿਲਾਂ ਗੁਰਦੁਆਰਿਆਂ ਵੱਲ ਧਿਆਨ ਦਿੱਤਾ। ਗੁਰਦੁਆਰਿਆਂ ਦੀ ਸੰਭਾਲ, ਮੁਰੰਮਤ, ਤਨਖ਼ਾਹਦਾਰ ਪ੍ਰਬੰਧਕਾਂ, ਗ੍ਰੰਥੀਆਂ, ਰਾਗੀਆਂ, ਢਾਡੀਆਂ, ਸੇਵਾਦਾਰਾਂ, ਮੁਲਾਜ਼ਮਾਂ ਦੀਆਂ ਤਨਖ਼ਾਹਾਂ ਅਤੇ ਹੋਰ ਖ਼ਰਚਿਆਂ ਦੀ ਪੂਰਤੀ ਲਈ ਬਹੁਤ ਵੱਡੇ ਬਜਟ ਦੀ ਲੋੜ ਸੀ। ਇਸ ਬਜਟ ਦੀ ਪੂਰਤੀ ਲਈ ਕਮੇਟੀ ਨੇ ਗੁਰਦੁਆਰਿਆਂ ਵਿਚ ਰੋਣਕਾਂ ਵਧਾਉਣ ਲਈ ਸਿੱਖ–ਸਤਿਗੁਰਾਂ ਦੇ ਪ੍ਰਕਾਸ਼ ਦਿਹਾੜੇ, ਜੋਤੀ–ਜੋਤਿ ਸਮਾਉਣ ਦੇ ਦਿਹਾੜੇ, ਸਤਿਗੁਰਾਂ ਦੇ ਗੁਰਗੱਦੀ ਦਿਹਾੜੇ, ਸਤਿਗੁਰਾਂ ਦੇ ਸ਼ਹੀਦੀ ਦਿਹਾੜੇ, ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਹਾੜਾ, ਗੁਰੂ ਗ੍ਰੰਥ ਸਾਹਿਬ ਦਾ ਗੁਰਗੱਦੀ ਦਿਹਾੜਾ, ਗੁਰੂ ਨਾਨਕ ਸਾਹਿਬ ਦਾ ਵਿਆਹ–ਪੁਰਬ, ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ–ਪੁਰਬ, ਸ਼ਹੀਦ ਸਿੱਖਾਂ ਦੇ ਜਨਮ ਅਤੇ ਸ਼ਹੀਦੀ ਦਿਹਾੜੇ, ਵਿਸਾਖੀ, ਹੋਲਾ–ਮਹੱਲਾ ਅਤੇ ਹੋਰ ਬਹੁਤ ਸਾਰੇ ਦਿਨ–ਤਿਉਹਾਰ ਵੀ ਮਨਾਉਣੇ ਪ੍ਰਚੱਲਤ ਕੀਤੇ ਤਾਂ ਜੋ ਗੁਰਦੁਆਰਿਆਂ ਦੀ ਆਮਦਨ ਨੂੰ ਵਧਾਇਆ ਜਾ ਸਕੇ। ਸਿੱਖ–ਇਤਿਹਾਸ ਦੇ ਨਾਂ ’ਤੇ ਇਹ ਸਾਰੇ ਦਿਨ–ਦਿਹਾੜੇ ਮਨਾਉਣ ਲਈ ਗੁਰਦੁਆਰਿਆਂ ਵਿਚ ਪ੍ਰਚਾਰ ਕੀਤਾ ਗਿਆ ਤਾਂ ਜੋ ਸਿੱਖਾਂ ਵਿਚ ਇਹ ਸਾਰੇ ਦਿਨ–ਦਿਹਾੜੇ ਮਨਾਉਣ ਦੀ ਰੀਤ–ਪ੍ਰਚੱਲਤ ਹੋ ਜਾਵੇ। ਗੁਰੂ ਗ੍ਰੰਥ ਸਾਹਿਬ ਦਾ ਪਹਿਲਾਂ ਪ੍ਰਕਾਸ਼ ਦਿਹਾੜਾ ਵੀ ਆਮਦਨ ਨੂੰ ਮੁੱਖ ਰੱਖ ਕੇ ਹੀ ਗੁਰਦੁਆਰਿਆਂ ਵਿਚ ਮਨਾਉਣਾ ਪ੍ਰਚੱਲਤ ਕੀਤਾ ਗਿਆ ਸੀ। ਯਾਦ ਰੱਖੋ, 1950 ਤੋਂ ਪਹਿਲਾਂ ਸਿੱਖਾਂ ਵਿਚ ਵੱਡੇ ਪੱਧਰ ਤੇ ਅੱਜ-ਕਲ ਵਾਂਗ ਗੁਰਦੁਆਰਿਆਂ ਵਿਚ ਦਿਨ-ਦਿਹਾੜੇ ਜਾਂ ਤਿਉਹਾਰ ਮਨਾਉਣੇ ਪ੍ਰਚੱਲਤ ਨਹੀਂ ਹੋਏ ਸਨ।

4. ਪੁਜਾਰੀ ਸ਼੍ਰੇਣੀ ਨੇ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਹਾੜਾ ਮਨਾਉਣ ਦੀ ਰੀਤ 1950 ਤੋਂ ਅਰੰਭ ਕੀਤੀ ਸੀ, ਇਸ ਤੋਂ ਪਹਿਲਾਂ ਨਹੀਂ।


5. ਸੰਸਾਰ ਭਰ ਦੇ ਗੁਰਦੁਆਰੇ, ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ (ਤਖ਼ਤ) ਕਰ ਕੇ ਹੀ ਹੋਂਦ ਵਿਚ ਆਏ ਹੋਏ ਹਨ, ਉਨ੍ਹਾਂ ਗੁਰਦੁਆਰਿਆਂ ਵਿਚ ਸਿੱਖ, ਕੇਵਲ ਦਿਨ-ਦਿਹਾੜੇ ਹੀ ਮਨਾ ਸਕਦੇ ਹਨ ਪਰ ਇਹ ਇਕ ਕੌੜਾ ਸੱਚ ਹੈ ਕਿ ਸੰਸਾਰ ਭਰ ਦਾ ਇਕ ਵੀ ਅਜਿਹਾ ਗੁਰਦੁਆਰਾ ਨਹੀਂ ਹੈ, ਜਿੱਥੇ ਸਿੱਖ, ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਲਾਗੂ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਅਨੁਸਾਰ ਪ੍ਰਚਾਰ ਕਰਨ ਦੀ ਹਿੰਮਤ ਰੱਖਦੇ ਹੋਣ।

6. ਸੰਸਾਰ ਭਰ ਦੇ ਗੁਰਦੁਆਰਿਆਂ ਵਿਚ ਕੇਵਲ ਦਿਨ-ਦਿਹਾੜੇ ਮਨਾਉਣ ਨਾਲ ਸਿੱਖੀ ਨਹੀਂ ਫੈਲ ਸਕਦੀ। ਯਾਦ ਰੱਖੋ, ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਲਾਗੂ ਕਰਨ ਅਤੇ ਪ੍ਰਚਾਰ ਕਰਨ ਨਾਲ ਹੀ ਸਿੱਖੀ ਫੈਲ ਸਕਦੀ ਹੈ।

7. ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ, ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਜਾਂ ਸਿੱਖ-ਇਤਿਹਾਸ ਦਾ ਇਕ ਵੀ ਹਵਾਲਾ ਨਹੀਂ ਮਿਲਦਾ ਕਿ ਸਿੱਖ-ਸਤਿਗੁਰਾਂ ਨੇ ਆਪਣੇ ਆਪਣੇ ਸਮੇਂ ਵਿਚ ਅੱਜ-ਕਲ ਵਾਂਗ ਸਿੱਖ-ਇਤਿਹਾਸ ਦੇ ਨਾਂ 'ਤੇ ਦਿਨ-ਦਿਹਾੜੇ ਮਨਾ ਕੇ, ਸਿੱਖੀ ਦਾ ਪ੍ਰਚਾਰ ਕੀਤਾ ਹੋਵੇ।

8. ਅਸਲ ਵਿਚ ਗੁਰਦੁਆਰੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਨ ਪਰ ਗੁਰਦੁਆਰੇ ਗੋਲਕ ਭਰਨ ਦੇ ਸਾਧਨ ਬਣ ਕੇ ਰਹਿ ਗਏ। ਅੱਜ ਸਿਖਾਂ ਦਾ ਗੁਰੂ ਗ੍ਰੰਥ ਸਾਹਿਬ ਨਾਲੋਂ ਪੂਰੀ ਤਰ੍ਹਾਂ ਸੰਬੰਧ ਟੁੱਟ ਚੁੱਕਾ ਹੈ ਅਤੇ ਗੋਲਕ ਨਾਲ ਸੰਬੰਧ ਜੁੜ ਗਿਆ ਹੈ। ਸਿੱਖ, ਗੋਲਕ ਨੂੰ ਹੀ ਮੱਥੇ ਟੇਕ ਕੇ, ਘਰਾਂ ਨੂੰ ਚਲੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਨੂੰ ਤਾਂ ਸਿੱਖ ਮੱਥਾ ਵੀ ਨਹੀਂ ਟੇਕਦੇ। ਧਰਮ ਦੇ ਨਾਂ 'ਤੇ ਸਿੱਖਾਂ ਦੀ ਲੁੱਟ ਲਗਾਤਾਰ ਜਾਰੀ ਹੈ।

9. ਗੁਰਦੁਆਰਿਆਂ ਵਿਚ ਹਰ ਸਾਲ, ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਹਾੜਾ ਮਨਾਉਣ ਵਾਲਿਓ! ਗੁਰ–ਬਿਲਾਸ ਪਾਤਸ਼ਾਹੀ ਛੇਵੀਂ ਦੇ ਲਿਖਾਰੀ ਦੀਆਂ ਗੁਰਮਤਿ–ਵਿਰੋਧੀ, ਸੱਚ–ਵਿਰੋਧੀ, ਝੂਠੀਆਂ, ਮਨ–ਘੜਤ, ਘਟੀਆ ਅਤੇ ਨੀਚ ਦਰਜੇ ਦੀਆਂ ਗੱਲਾਂ ਦਾ ਪਾਜ ਨੰਗਾ ਕਰਨ ਲਈ ਵੀ ਇਕ ਦਿਹਾੜਾ ਨਿਸ਼ਚਿਤ ਕਰ ਲਉ।



ਮੈਨੂੰ ਕਰਮਿੰਦਰ ਸਿੰਘ ਮਲੇਸ਼ੀਆ ਵਾਲੇ ਤੋਂ ਇਹ ਆਸ ਨਹੀਂ ਸੀ।



ਡ: ਹਰਜਿੰਦਰ ਸਿੰਘ ਦਿਲਗੀਰ।

ਸਿੱਖ ਬੁਲਟੀਨ (ਅੰਕ 4, 2026) ਵਿੱਚ ਕਰਮਿੰਦਰ ਸਿੰਘ ਦਾ ਲੇਖ (ਸਫਾ 21) ਵੱਲ ਇਸ਼ਾਰਾ ਹੈ।

ਗੁਰੂ ਨਾਨਕ ਰੀਸਰਚ ਇੰਸਟੀਚਿਊਟ ਬ੍ਰਿਮਿੰਘਮ ਵੱਲੋਂ 20 ਜੂਨ 2026 ਦੇ ਦਿਨ ਨਾਰਵੇ ਦੀ ਰਾਜਧਾਨੀ ਓਸਲੋ ਵਿਚ ਮਾਸਟਰ ਤਾਰਾ ਸਿੰਘ ਮੈਮੋਰੀਅਲ ਲੈਕਚਰ ਅਤੇ ਇੰਟਰਨੈਸ਼ਨਲ ਪੰਜਾਬੀ ਕਾਨਫ਼ਰੰਸ ਦਾ ਇੰਤਜ਼ਾਮ ਕੀਤਾ ਗਿਆ ਸੀ। ਇਸ ਵਾਸਤੇ ਵੱਖ-ਵੱਖ ਮੁਲਕਾਂ ਵਿਚ ਵਿਦਵਾਨਾਂ ਨੂੰ ਮੈਸਜ ਭੇਜ ਕੇ ਇਸ ਸਾਮਗਮ ਵਿਚ ਆਉਣ ਵਾਸਤੇ ਆਖਿਆ ਗਿਆ ਸੀ। ਉਨ੍ਹਾਂ ਵਿਚ ਮਲੇਸ਼ੀਆ ਦੇ ਕਰਮਿੰਦਰ ਸਿੰਘ ਵੀ ਸਨ। ਉਨ੍ਹਾਂ ਨੂੰ ਜੋ ਮੈਸਜ ਭੇਜੇ ਗਏ ਸਨ (ਉਹ ਖ਼ਤੋ ਖ਼ਤਾਬਤ ਮੇਰੇ ਕੋਲ ਅੱਜ ਵੀ ਮੌਜੂਦ ਹੈ) ਉਨ੍ਹਾਂ ਵਿਚ ਸਾਫ਼ ਲਿਖਿਆ ਹੋਇਆ ਸੀ ਕਿ 20 ਜੂਨ ਦੇ ਸਮਾਗਮ ਦੇ ਤਿੰਨ ਹਿੱਸੇ ਹੋਣਗੇ: 1. ਮਾਸਟਰ ਤਾਰਾ ਸਿੰਘ ਮੈਮੋਰੀਅਲ ਲੈਕਚਰ (ਡਾ ਇਸ਼ਤਿਆਕ ਅਹਿਮਦ) । 2. ਪੰਜਾਬੀ ਕਾਨਫ਼ਰੰਸ ।. 3. ਗੁਰੂ ਗੋਬਿੰਦ ਸਿੰਘ ਜੀ ਦਾ ਰਾਏ ਕਲ੍ਹਾ ਨੂੰ ਦਿੱਤਾ ਹੋਇਆ ਤੋਹਫ਼ਾ ਗੰਗਾ ਸਾਗਰ ਸੰਗਤਾਂ ਨੂੰ ਦਿਖਾਇਆ ਜਾਏਗਾ

ਕਰਮਿੰਦਰ ਸਿੰਘ ਹੋਰਾਂ ਨੂੰ ਵੀ 21 ਅਪ੍ਰੈਲ 2026 ਦੇ ਦਿਨ ਇਹੀ ਮੈਸਜ ਗਿਆ ਸੀ। ਇਸ ਵਿਚ ਗੰਗਾ ਸਾਗਰ ਦਾ ਸਾਫ਼ ਦੱਸਿਆ ਹੋਇਆ ਸੀ। ਜੇ ਕਰਮਿੰਦਰ ਸਿੰਘ ਜੀ ਨੂੰ ਗੰਗਾ ਸਾਗਰ ਨਾਲ ਤਕਲੀਫ਼ ਸੀ ਤਾਂ ਇਹ 21 ਅਪ੍ਰੈਲ ਨੂੰ ਹੀ ਕਹਿ ਦੇਂਦੇ ਕਿ ਗੰਗਾ ਸਾਗਰ ਨੂੰ ਕਾਨਫ਼ਰੰਸ ਵਿਚ ਸ਼ਾਮਿਲ ਨਾ ਕਰੋ। ਫਿਰ ਇਨ੍ਹਾਂ ਨੇ 30 ਅਪ੍ਰੈਲ ਦੇ ਦਿਨ ਦੇ ਮੈਸਜ ਵਿਚ ਕਾਨਫ਼ਰੰਸ ਵਿਚ ਹਾਜ਼ਰੀ ਭਰਨ ਦਾ ਵਾਅਦਾ ਕੀਤਾ। ਉਦੋਂ ਵੀ ਗੰਗਾ ਸਾਗਰ ਬਾਰੇ ਕੁਝ ਨਹੀਂ ਕਿਹਾ। ਯਾਨੀ ਉਦੋਂ ਤਕ ਇਨ੍ਹਾਂ ਨੂੰ ਗੰਗਾ ਸਾਗਰ ਤੋਂ ਕਈ ਤਕਲੀਫ਼ ਨਹੀਂ ਸੀ।

ਫਿਰ ਜਿਸ ਸਟੇਜ 'ਤੇ ਬੈਠੇ ਸਨ ਉਸ ਦੇ ਪਿੱਛੇ ਵੱਡਾ ਸਾਰਾ ਬੈਨਰ ਲੱਗਾ ਹੋਇਆ ਸੀ ਜਿਸ ਦੇ ਤੀਜੇ ਹਿੱਸੇ ਵਿਚ ਗੰਗਾ ਸਾਗਰ ਦਾ ਪ੍ਰੋਗਰਾਮ ਲਿਖਿਆ ਹੋਇਆ ਸੀ।

ਜਦੋਂ ਇਹ ਸਟੇਜ ਤੋਂ ਬੋਲ ਰਹੇ ਸਨ ਤਾਂ ਉਦੋਂ ਇਨ੍ਹਾਂ ਨੇ ਗੰਗਾ ਸਾਗਰ ਬਾਰੇ ਇਕ ਲਫ਼ਜ਼ ਵੀ ਨਹੀਂ ਬੋਲਿਆ। ਯਾਨੀ ਉਦੋਂ ਤੀਕ ਇਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਸੀ।

ਫਿਰ ਜਦੋਂ ਕਾਨਫ਼ਰੰਸ ਵਿਚ ਜਿਉਣਵਾਲਾ ਪਿੰਡ ਦੇ ਗੁਰਚਰਨ ਸਿੰਘ ਨੇ ਜ਼ਬਰਦਸਤੀ ਸਟੇਜ 'ਤੇ ਚੜ੍ਹ ਕੇ ਗੰਗਾ ਸਾਗਰ ਬਾਰੇ ਗ਼ਲਤ ਗੱਲਾਂ ਕੀਤੀਆਂ ਤਾਂ ਉਸ ਤੋਂ ਮਗਰੋਂ ਮੈਂ 5-6 ਮੰਟ ਉਸ ਦੇ ਆਖੇ ਲਫ਼ਜ਼ਾਂ ਨੂੰ ਰੱਦ ਕੀਤਾ। (ਕਰਮਿੰਦਰ ਸਿੰਘ ਜੀ ਲਿਖਦੇ ਹਨ ਕਿ ਉਦੋਂ ਡਾ ਦਿਲਗੀਰ ਨੇ ਕੋਈ ਜਵਾਬ ਨਹੀਂ ਦਿੱਤਾ ਤੇ ਮਗਰੋਂ ਇਕ ਲੇਖ ਛਪਵਾ ਦਿੱਤਾ)।

ਮੈਨੂੰ ਕਰਮਿੰਦਰ ਸਿੰਘ ਜੀ ਤੋਂ ਇਹ ਆਸ ਨਹੀਂ ਸੀ ਕਿ ਉਹ ਏਨਾ ਭੈੜਾ ਝੂਠ ਬੋਲਣਗੇ ਕਿ ਮੈਂ ਸਟੇਜ ਤੋਂ ਗੁਰਚਰਨ ਨੂੰ ਜਵਾਬ ਨਹੀਂ ਦਿੱਤਾ। ਸਿਰਫ਼ ਮੈਂ ਹੀ ਨਹੀਂ ਸਟੇਜ ਸਕੱਤਰ ਬੀਬੀ ਪਰਮਿੰਦਰ ਕੌਰ ਨੇ ਵੀ ਗੁਰਚਰਨ ਨੂੰ ਆਪਣੇ ਤਰਕ ਤੇ ਤਰੀਕੇ ਨਾਲ ਖ਼ੂਬ ਝਾੜ ਪਾਈ ਸੀ। ਪਰ ਸਮਝ ਨਹੀਂ ਆਈ ਕਿ ਕਰਮਿੰਦਰ ਸਿੰਘ ਨੂੰ ਇਹ ਝੂਠ ਲਿਖਣ ਲੱਗਿਆਂ ਸ਼ਰਮ ਨਹੀਂ ਆਈ।

ਕਰਮਿੰਦਰ ਸਿੰਘ ਨੇ ਤਾ ਇਸ ਮਗਰੋਂ ਹੋਰ ਵੀ ਹੱਦ ਕਰ ਦਿੱਤੀ। ਉਨ੍ਹਾਂ ਨੇ ਆਪਣੇ ਝੂਠ ਨੂੰ ਅਤੇ ਗੰਗਾ ਸਾਗਰ ਬਾਰੇ ਗ਼ਲਤ ਪਰਚਾਰ ਵਾਸਤੇ ਅਮਰੀਕਾ ਤੋਂ ਆੱਨ ਲਾਈਨ ਨਿਕਲਦੇ ਇਕ 'ਪਰਚੇ' (ਜਿਸ ਨੂੰ 20 ਬੰਦਿਆਂ ਤੋਂ ਵਧ ਕੋਈ ਨਹੀਂ ਪੜ੍ਹਦਾ) ਵਿਚ ਇਕ ਲੇਖ ਮੇਰੇ ਖ਼ਿਲਾਫ਼ ਛਾਪਿਆ। ਜਿਸ ਵਿਚ ਉਪਰ ਦੱਸਿਆ ਉਨ੍ਹਾਂ ਦਾ ਝੂਠ ਸ਼ਾਮਿਲ ਸੀ।

ਕਰਮਿੰਦਰ ਸਿੰਘ ਨੇ 20 ਜੂੰ ਤੋਂ ਮਗਰੋਂ ਵੀ ਮੇਰੇ ਨਾਲ ਗੰਗਾ ਸਾਗਰ ਬਾਰੇ ਇਕ ਵਾਰ ਵੀ ਇਤਰਾਜ਼ ਜ਼ਾਹਿਰ ਨਹੀਂ ਕੀਤਾ।

ਫਿਰ ਮੈਨੂੰ ਇਹ ਵੀ ਸਮਝ ਨਹੀਂ ਆਈ ਕਿ ਕਰਮਿਦਰ ਸਿੰਘ ਨੂੰ ਇਸ ਟਕੇ ਦੇ ਪਰਚੇ ਵਿਚ ਇਹ ਘਟੀਆ ਲਿਖਤ ਕਿਉਂ ਲਿਖੀ। ਕੀ ਨਾਰਵੇ ਵਿਚ ਗੰਗਾ ਸਾਗਰ ਦੇ ਲਿਆਂਦੇ ਜਾਣ ਨਾਲ ਕੌਮ ਵਾਸਤੇ ਕੋਈ ਮੁਸ਼ਕਿਲ ਪੈਦਾ ਹੋ ਗਈ ਸੀ? ਕੀ ਇਸ ਨਾਲ ਕੋਈ ਹਨੇਰ ਪੈ ਗਿਆ ਸੀ? ਕੀ ਇਸ ਨਾਲ ਕੋਈ ਕੌਮੀ ਮਸਲਾ ਖੜ੍ਹਾ ਹੋ ਗਿਆ ਸੀ ਜਿਸ ਨਾਲ ਕੌਮ ਨੂੰ ਖ਼ਤਰਾ ਹੋ ਸਕਦਾ ਸੀ ਜੋ ਕਰਮਿੰਦਰ ਸਿੰਘ ਜੀ ਨੂੰ ਏਡਾ ਮਜ਼ਮੂਨ ਲਿਖ ਕੇ ਝੂਠ ਪਰਚਾਰ ਕਰਨਾ ਪਿਆ।

ਹਰਦੇਵ ਸ਼ੇਰਗਿੱਲ ਬਾਰੇ ਵੀ ਦੱਸ ਦਿਆਂ। ਉਹ ਤਾਂ ਦਿਲਗੀਰ ਦਾ ਜ਼ਾਤੀ ਮੁਖ਼ਾਲਫ਼ ਹੈ। ਡਾ. ਦਿਲਗੀਰ ਦੇ ਖ਼ਿਲਾਫ਼ ਕੋਈ ਵੀ ਜੋ ਮਰਜ਼ੀ ਲਿਖ ਕੇ ਭੇਜ ਦੇਵੇ ਛਪ ਜਾਂਦਾ ਹੈ ਅਤੇ ਭਾਵੇਂ ਉਸ ਨੂੰ 20 ਬੰਦੇ ਵੀ ਨਹੀਂ ਪੜ੍ਹਦੇ ਪਰ ਜਿਹੜੇ ਪੜ੍ਹਦੇ ਵੀ ਹਨ ਉਹ ਸਮਝ ਜਾਂਦੇ ਹਨ ਕਿ ਇਹ ਹਰਦੇਵ ਸ਼ੇਰਗਿੱਲ ਦੇ ਦਿਲਗੀਰ-ਫ਼ੋਬੀਆ ਕਰ ਕੇ ਛਪਦਾ ਹੈ। ਖ਼ੈਰ ਮੇਰੀ ਤਾਂ ਪਾਲਿਸੀ ਹੈ ਕਿ ਹਰਦੇਵ ਸ਼ੇਰਗਿੱਲ ਵਰਗਿਆਂ ਦੀ ਬਕਵਾਸ ਦਾ ਜਵਾਬ ਨਹੀਂ ਦੇਣਾ। ਮੈਂ ਤਾਂ ਕਿਹਾ ਕਰਦਾ ਹਾਂ ਕਿ ਕੁੱਤੇ ਭੌਂਕਤੇ ਰਹਿਤੇ ਹੈਂ ਕਾਫ਼ਲੇ ਚਲਤੇ ਰਹਿਤੇ ਹੈਂ।

ਪਰ ਮੈਨੂੰ ਕਰਮਿੰਦਰ ਸਿੰਘ ਮਲੇਸ਼ੀਆ ਦੀ ਝੂਠ ਬਿਆਨੀ ਦੀ ਘਟੀਆ ਹਰਕਤ 'ਤੇ ਹੈਰਾਨੀ ਹੋਈ ਹੈ। ਮੈਂ ਉਸ ਨੂੰ ਸਿਆਣਾ ਬੰਦਾ ਸਮਝਦਾ ਸੀ ਪਰ ਉਹ ਏਡਾ ਨੀਵਾਂ ਉਤਰ ਜਾਏਗਾ ਕਦੇ ਸੋਚਿਆ ਨਹੀਂ ਸੀ। ਅਸੀ ਤਾਂ ਉਸ ਨੂ ਭਲਾ ਬੰਦਾ ਸਮਝ ਕੇ ਬੁਲਾਇਆ ਸੀ। ਉਸ ਦੀ ਸੇਵਾ ਕੀਤੀ। ਉਸ ਨੂੰ ਨਾਰਵੇ ਦੀ ਰਾਜਧਾਨੀ ਵਿਚ ਹੋਟਲ ਵਿਚ ਰੱਖਿਆ, ਪਿਆਰ ਨਾਲ ਲੰਗਰ ਛਕਾਇਆ (ਸਭ ਜਾਣਦੇ ਹਨ ਕਿ ਇਸ ਸ਼ਹਿਰ ਵਿਚ ਹਰ ਚੀਜ਼ ਕਿੰਨੀ ਮਹਿੰਗੀ ਹੈ), ਸ਼ਾਲ ਦਿੱਤੀ, ਟਰਾਫ਼ੀ ਦਿੱਤੀ, ਹਾਰ ਪਹਿਨਾਇਆ, ਸਟੇਜ ਤੇ ਬੋਲਣ ਦਾ ਸਮਾਂ ਦਿੱਤਾ (ਉਨ੍ਹਾਂ ਨੂੰ ਸ਼ਾਇਦ ਹੀ ਕੋਈ ਸਟੇਜ 'ਤੇ ਬੁਲਾਂਦਾ ਹੋਵੇ)। ਚਲੋ ਕੋਈ ਨਾ। ਬੰਦੇ ਕਰਤੂਤਾਂ ਤੋਂ ਪਛਾਣੇ ਜਾਂਦੇ ਨੇ। ਮੈਂ ਇਹ ਬਿਲਕੁਲ ਨਹੀਂ ਕਹਿੰਦਾ: ਟਕੇ ਦੀ ਹਾਂਡੀ ਗਈ ।

ਤੋ ਫਿਰ ਕਰਮਿੰਦਰ ਸਿੰਘ ਮਲੇਸ਼ੀਆ ਵਾਲੇ ਤੋਂ ਕੀ ਆਸ ਸੀ, ਦਿਲਗੀਰ ਜੀ ?



ਕਰਮਿੰਦਰ ਸਿੰਘ ਢਿੱਲੋਂ, Ph.D (Boston)

ਜਿਸ ਕਰਮਿੰਦਰ ਸਿੰਘ ਨੂੰ (ਤੁਹਾਡੀ ਲਿਖਤ ਮੁਤਾਬਿਕ) "ਸ਼ਾਇਦ ਹੀ ਕੋਈ ਸਟੇਜ ਤੇ ਬੁਲਾਂਦਾ ਹੋਵੇ"; ਜਿਸ ਕਰਮਿੰਦਰ ਸਿੰਘ ਦੀ ਲਿਖਤ "ਉਸ ਟਕੇ ਦੇ ਪਰਚੇ ਸਿੱਖ ਬੁਲੈਟੀਨ ਵਿਚ ਛਪਦੀ ਹੈ ਜਿਸ ਨੂੰ ੨੦ ਬੰਦੇ ਵੀ ਨਹੀਂ ਪੜ੍ਹਦੇ"; ਜਿਸ ਕਰਮਿੰਦਰ ਸਿੰਘ ਦੇ ਲੇਖ "ਹਰਦੇਵ ਸ਼ੇਰਗਿਲ ਦੇ ਦਿਲਗੀਰ -ਫ਼ੋਬੀਆ ਅਖਬਾਰ" ਵਿਚ ਛਪਦੇ ਹਨ, ਜਿਹੜਾ ਕਰਮਿੰਦਰ ਸਿੰਘ "ਟਕੇ ਦੀ ਹਾਂਡੀ' ਹੈ; ਫਿਰ ਇਹ ਦਸਣ ਦੀ ਕਿਰਪਾਲਤਾ ਕਰਨੀ ਦਿਲਗੀਰ ਜੀ ਕਿ:

੧) ਉਸੇ ਕਰਮਿੰਦਰ ਸਿੰਘ ਨੂੰ ਕੁਆਲਾ ਲੰਪਰ ਮਲੇਸ਼ੀਆ ਤੋ ਔਸਲੋ ਨੌਰਵੇ ਦੀ ਵਾਪਸੀ ਹਵਾਈ ਟਿਕਟ ਕਿਉਂ ਘੱਲੀ ਸੀ?

੨) ਉਸੇ ਕਰਮਿੰਦਰ ਸਿੰਘ ਨੂੰ ਔਸਲੋ ਨੌਰਵੇ ਵਿਚ ਦੋ ਰਾਤਾਂ ਦੀ ਰਹੈਸ਼ ਲਈ ਹੋਟਲ ਦਾ ਖਰਚਾ ਕਿਉਂ ਅਦਾ ਕੀਤਾ?

੩) ਉਸੇ ਕਰਮਿੰਦਰ ਸਿੰਘ ਨੂੰ ਔਸਲੋ ਨੌਰਵੇ ਵਿਚ ਦੋ ਰਾਤਾਂ ਤੇ ਤਿੰਨ ਦਿਨਾਂ ਲਈ ਕਾਰ, ਅਤੇ ਖਾਣੇ ਪੀਣੇ ਦੇ ਖਰਚੇ ਕਿਉਂ ਭਰੇ?

ਪੁਛਣ ਦਾ ਭਾਵ - ਇਸ ਸਾਰੇ ਖਰਚਿਆਂ ਦੇ ਪਿੱਛੇ, ਦਿਲਗੀਰ ਸਾਹਿਬ, ਤੁਸੀ ਕਰਮਿੰਦਰ ਸਿੰਘ ਮਲੇਸ਼ੀਆ ਵਾਲੇ ਤੋਂ ਕੀ ਖਾਸ ਆਸ ਰੱਖ ਛੱਡੀ ਸੀ? ਆਖਰਕਾਰ ਤੁਸੀ ਕਰੋੜਪਤੀ ਤਾਂ ਹੈ ਨਹੀ ਕਿ ਮੇਰੇ ਲਈ ਵਾਪਸੀ ਹਵਾਈ ਟਿਕਟ, ਹੋਟਲ ਦਾ ਖਰਚਾ, ਕਾਰ, ਅਤੇ ਖਾਣੇ ਪੀਣੇ ਦੇ ਖਰਚੇ ਬਿਨਾਂ ਕਿਸੇ ਆਸ ਰੱਖਿਆਂ, ਬਿਨਾਂ ਕਿਸੇ ਮਕਸਦ, ਬਿਨਾਂ ਕਿਸੇ ਲੁਕਵੇਂ ਏਜੰਡੇ ਦੇ ਹੀ ਦਾਨ ਵਜੋਂ ਖਰਚ ਕਰ ਦਿੱਤੇ। ਜਿਹੜਾ ਆਪ ਮੰਗ ਖਾਣਾ ਹੋਵੇ, ਉਹ ਮੇਰੇ ਤੇ ਐਨਾ ਖਰਚਾ ਕਰੇ - ਤੋ ਲਾਜ਼ਮੀ ਕੋਈ ਨਾ ਕੋਈ ਖਾਸ ਮਕਸਦ ਹੈ।

ਜਾਂ ਫਿਰ ਕਰਮਿੰਦਰ ਸਿੰਘ ਦੀਆਂ ਕਮੀਆਂ ਦਾ ਕੂੜ (ਕੋਈ ਸਟੇਜ 'ਤੇ ਨਹੀਂ ਬੁਲਾਂਦਾ, "ਟਕੇ ਦੀ ਹਾਂਡੀ' ਆਦ) ਉਦੋਂ ਹੀ ਦਿਸਣੀਆਂ ਸ਼ੁਰੂ ਹੋਈਆਂ, ਜਦ ਮੈਂ ਤੁਹਾਡੇ ਗੰਗਾ ਸਾਗਰ ਦੇ ਕੂੜ ਦੇ ਪਾਜ ਲਿਖਤੀ ਰੂਪ ਵਿਚ ਦੁਨੀਆਂ ਭਰ ਦੇ ਸਾਹਮਣੇ ਖੋਲ੍ਹ ਦਿਤੇ? ਇਹ ਖੋਪੇ ਅੱਖਾਂ ਤੋਂ ਉਦੋਂ ਹੀ ਲਹੇ ਜਦ ਕਰਮਿੰਦਰ ਸਿੰਘ ਨੇ ਇਕ ਇਤਹਾਸਕਾਰ ਨੂੰ ਗੰਗਾ ਸਾਗਰ ਦਾ ਝੋਲੀ ਚੁੱਕ ਮਿਥਿਹਾਸਕਾਰ ਜ਼ਾਹਿਰ ਕੀਤਾ?

ਸੁਆਲ ਆਪਣੇ ਥਾਂ ਤੇ ਖੜ੍ਹਾ ਹੈ - ਮੇਰੇ ਉੱਤੇ ਇਹ ਡੇੜ੍ਹ ਸਾਰੇ ਖਰਚੇ ਕਰਨ ਦੇ ਪਿਛੇ, ਦਿਲਗੀਰ ਸਾਹਿਬ, ਤੁਸੀ ਕਰਮਿੰਦਰ ਸਿੰਘ ਮਲੇਸ਼ੀਆ ਵਾਲੇ ਤੋਂ ਕੀ ਖਾਸ ਆਸ ਰੱਖ ਛੱਡੀ ਸੀ ?

ਜਿ ਤੁਹਾਡੇ ਵੱਲੋਂ ਮੇਰੀਆਂ ਕਮੀਆਂ ਨੂੰ ਨਜ਼ਰ ਅੰਦਾਜ ਵੀ ਕੀਤਾ ਜਾਵੇ, ਤਾਂ ਐਹ ਮੇਰੇ ਵੱਲੋ ਤੁਹਾਨੂੰ ਪਹਿਲੇ ਦੱਸੀਆਂ ਮੇਰੀਆਂ ਹੀ ਆਪਣੀਆਂ ਕਮੀਆਂ ਵੱਲ ਤੇ ਤੁਸੀ ਜ਼ਰੂਰ ਧਿਆਨ ਦਿੱਤਾ ਹੋਵੇਗਾ - ਮੇਰੇ ਤੇ ਇੰਨੇ ਖਰਚੇ ਕਰਨ ਤੋ ਪਹਿਲੇ।

1) ਤੁਹਾਡੀ ਉਰਪੋਕਤ ਲਿਖਤ ਮੁਤਾਬਿਕ ਇਹ ਕਾਨਫਰੰਸ ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਨਫਰੰਸ ਸੀ - ਜਿਸ ਵਿਅਕਤੀ ਵਾਰੇ ਨਾ ਮੈ ਕਦੀ ਕੁਝ ਲਿਖਿਆ, ਨਾ ਕਦੀ ਕੁਝ ਬੋਲਿਆ। ਫਿਰ ਮੇਰੇ ਉੱਤੇ ਇਹ ਡੇੜ੍ਹ ਸਾਰੇ ਖਰਚੇ ਕਰਕੇ ਇਸ ਕਾਨਫਰੰਸ ਵਿਚ ਬੁਲਾਣ ਦੀ ਕੀ ਭਾਵਨਾ ਸੀ?
2) ਤੁਹਾਡੀ ਉਰਪੋਕਤ ਲਿਖਤ ਮੁਤਾਬਿਕ ਇਹ ਪੰਜਾਬੀ ਭਾਸ਼ਾ ਕਾਨਫ਼ਰੰਸ ਸੀ। ਮੇਰੀਆਂ 15 ਪੁਸਤਕਾਂ ਛਪ ਚੁਕੀਆਂ ਜਿਨ੍ਹਾਂ ਵਿਚੋਂ ਇਕ ਵੀ ਪੰਜਾਬੀ ਵਿਚ ਨਹੀ। ਮੇਰੀਆਂ ਕੋਈ ੨੫੦ - ੩੦੦ ਵੀਡੀਓ ਹਨ ਜਿਨ੍ਹਾ ਵਿਚੋ ਸਿਰਫ ਪੰਜ ਸੱਤ ਪੰਜਾਬੀ ਵਿਚ ਹਨ। ਮੇਰੀਆਂ ਲਿਖਤਾਂ, ਕਿਤਾਬਾਂ, ਵੀਡੀਓ ਆਦ ੯੯ ਫੀ ਸਦੀ ਗੁਰਬਾਣੀ ਦੇ ਵਿਸ਼ੇ ਤੇ ਹਨ - ਪੰਜਾਬੀ ਭਾਸ਼ਾ ਤੇ ਨਹੀਂ। ਫਿਰ ਇਸ "ਪੰਜਾਬੀ ਭਾਸ਼ਾ ਕਾਨਫਰੰਸ" ਵਿਚ ਮੇਰੇ ਲਈ ਇਹ ਖਾਸ ਛੋਟ ਕਿਉ ਕੀਤੀ ਕਿ ਸਿਰਫ ਮੇਰਾ ਹੀ ਪਰਚਾ ਸਿਖ ਧਰਮ ਅਤੇ ਗੁਰਬਾਣੀ ਤੇ ਹੋਵੇਗਾ?

ਦਿਲਗੀਰ ਜੀ, ਸੁਆਲ ਆਪਣੇ ਥਾਂ ਤੇ ਖੜ੍ਹਾ ਹੈ - ਮੇਰੀਆਂ ਉਪਰੋਕਤ ਕਮੀਆਂ, ਜੋ ਕਿ ਤੁਹਾਡੇ ਧਿਆਨ ਵਿਚ ਕਾਨਫੰਸ ਦੇ ਸੱਦੇ ਦੇ ਦੌਰਾਨ ਸਪਸ਼ਟ ਕੀਤੀਆਂ ਗਈਆਂ ਸਨ - ਦੇ ਬਾਵਜੂਦ - ਮੇਰੇ ਉੱਤੇ ਇਹ ਡੇੜ੍ਹ ਸਾਰੇ ਖਰਚੇ ਕਰਨ ਦੇ ਪਿਛੇ, ਦਿਲਗੀਰ ਸਾਹਿਬ, ਤੁਸੀ ਕਰਮਿੰਦਰ ਸਿੰਘ ਮਲੇਸ਼ੀਆ ਵਾਲੇ ਤੋਂ ਕੀ ਖਾਸ ਆਸ ਰੱਖ ਛੱਡੀ ਸੀ?

ਉਹ ਕਿਹੜੀ ਆਸ ਸੀ, ਦਿਲਗੀਰ ਸਾਹਿਬ, ਜੋ ਕਿ ਪੂਰੀ ਨਹੀਂ ਹੋਈ ਤੇ ਤੁਸੀ ਅੱਗ ਬਗੋਲੇ ਹੋਕੇ ਕੂੜ ਕਬਾੜ ਲਿਖਣ ਤੇ ਉਤਰ ਆਏ ਹੋ? ਤੁਹਾਡਾ ਨਿਰਾਸ਼ਾ ਸਿਰਫ ਇਸ ਗੱਲ ਦਾ ਹੈ ਕਿ ਤੁਹਾਡੇ ਇਸ ਸਭ ਕੁਝ ਕਰਨ ਦੇ ਬਾਵਜੂਦ, ਖਰਚੇ, ਵਾਪਸੀ ਹਵਾਈ ਟਿਕਟ ਦੇ ਬਾਵਜੂਦ, ਕਰਮਿੰਦਰ ਸਿੰਘ ਵਿਕਾਊ ਨਹੀ ਸਾਬਿਤ ਹੋਇਆ, ਕਰਮਿੰਦਰ ਸਿੰਘ ਨੇ ਆਪਣੀ ਜ਼ਮੀਰ ਨਹੀ ਵਿਕਣੇ ਦਿੱਤੀ, ਕਰਮਿੰਦਰ ਸਿੰਘ ਨੇ ਤੁਹਾਡੇ ਵੱਲੋਂ ਸੁਟੇ ਟੁਕੜਿਆਂ ਲਈ, ਤੁਹਾਡੀਆਂ ਐਲਾਨ ਕੀਤੀਆਂ ਹੋਈਆਂ ਹੋਰ ਕਾਨਫਰੰਸਾਂ ਦੇ ਲਾਲਚ ਵਿਚ ਆਕੇ ਆਪਣੀ ਤੱਤ ਗੁਰਮਤ ਵਾਲੀ ਸਟੈਂਡ ਨੂੰ ਤਲਾਂਜਲੀ ਨਹੀ ਦਿੱਤੀ, ਕਰਮਿੰਦਰ ਸਿੰਘ ਨੇ ਗੁਰਬਾਣੀ ਤੇ ਗੁਰਮਤ ਦੇ ਸੱਚ ਨੂੰ ਇਕ ਪਾਸੇ ਕਰਕੇ ਗੰਗਾ ਸਾਗਰ ਦੇ ਝੂਠ ਤੇ ਕੂੜ ਨੂੰ ਪਰਚਾਰਨ ਵਾਲਾ ਰਵੱਈਆ ਨਹੀਂ ਧਾਰਨ ਕੀਤਾ। ਦਿਲਗੀਰ ਜੀ, ਕੋਈ ਜ਼ਰੂਰੀ ਨਹੀ ਕਿ ਵਿਕ ਚੁਕੀ ਜ਼ਮੀਰ ਵਾਲਾ ਹਰ ਇਕ ਦੂਜੇ ਇਨਸਾਨ ਨੂੰ ਗਦਾਰੀ

ਵਾਲੇ ਰਾਹ ਤੇ ਪਾ ਸੱਕਣ ਵਿਚ ਕਾਮਯਾਬ ਹੋਵੇ । ਕਦੀ ਕਦਾਂਈ ਕੋਈ ਅੜ ਜਾਂਦਾ ਹੈ ਤੇ ਪਾਜ ਖੋਲ੍ਹ ਦਿੰਦਾ ਹੈ। ਹੋਰ ਲੋਕ ਥੋੜੇ ਨੇ - ਜਿਹੜੇ ਗਦਾਰ ਬਣਨ ਦੀ ਉਡੀਕ ਵਿਚ ਹਨ? ਜਿ ਇਕ ਕਰਮਿੰਦਰ ਸਿੰਘ ਅੜ ਗਿਆ ਤੇ ਤੁਹਾਡੀ ਮੋਰੀਆਂ ਭਰੀ ਗੰਗਾ ਸਾਗਰ ਫੁੱਟ ਗਈ?

ਗਲਤ ਫਹਿਮੀਆਂ ਦੂਰ ਕਰੋ, ਦਿਲਗੀਰ ਸਾਹਿਬ।

ਦਿਲਗੀਰ ਜੀ, ਤੁਸਾਂ ਕੁਝ ਐਸੇ ਸੁਆਲ ਉਠਾਏ ਨੇ, ਜਿਨਾਂ ਰਾਹੀ ਇਹ ਪਰਗਟ ਹੁੰਦਾ ਹੈ ਕਿ ਤਾਂ ਤੁਹਾਡੀ ਵਿਕ ਚੁੱਕੀ ਜ਼ਮੀਰ ਸਹੀ ਸੋਚਣੋ ਅਸਮਰੱਥ ਹੋ ਚੁੱਕੀ ਹੈ। ਤੁਹਾਡੀ ਅਕਲ ਮੁਤਾਬਿਕ "ਜੇ ਕਰਮਿੰਦਰ ਸਿੰਘ ਜੀ ਨੂੰ ਗੰਗਾ ਸਾਗਰ ਨਾਲ ਤਕਲੀਫ਼ ਸੀ ਤਾਂ ਇਹ ਕਾਨਫਰੰਸ ਦਾ ਸੱਦਾ ਕਿਉਂ ਪਰਵਾਨ ਕੀਤਾ, ਕਾਨਫਰੰਸ ਵਿਚ ਹਾਜ਼ਰ ਕਿਉਂ ਹੋਇਆ" ਆਦਿ।

ਦਰਅਸਲ ਮੇਰਾ ਗਿਲਾ ਗੰਗਾ ਸਾਗਰ ਪਰਥਾਇ ਨਹੀਂ । ਗੰਗਾ ਸਾਗਰ ਉਨ੍ਹਾਂ ਕਰੋੜਾਂ ਪਖੰਡਾਂ ਵਿਚੋਂ ਸਿਰਫ ਇੱਕ ਹੈ ਜੋ ਫਰੇਬੀ ਲੋਕ ਵਰਤਕੇ ਸਿੱਖ ਕੌਮ ਨੂੰ ਲੁਟ ਕੇ ਖਾ ਰਹੇ ਹਨ, ਕੌਮ ਦੀ ਖੱਲ ਉਧੇੜ ਰਹੇ ਨੇ। ਮੈਂ ਕਿਹੜੇ ਕਿਹੜੇ ਪਖੰਢ ਦਾ ਵਿਰੋਧ ਕਰਾਂਗਾ?

ਗਿਲਾ ਇਸ ਗੱਲ ਦਾ ਹੈ ਕਿ ਇਕ ਆਪਣੇ ਆਪ ਨੂੰ ਸਿਖ ਇਤਹਾਸਕਾਰ ਕਹਾਉਣ ਵਾਲਾ, ਗੁਰਬਾਣੀ ਦਾ ਟੀਕਾ ਕਰਨ ਵਾਲਾ, ਤੱਤ ਗੁਰਮਤ ਦਾ ਪਹਿਰਾ ਦੇਣ ਵਾਲਾ ਇਸ ਗੰਗਾ ਸਾਗਰ ਦੇ ਝੂਠ ਨੂੰ ਪਰਚਾਰਨ ਤੇ ਆ ਖੜ੍ਹਾ ਹੈ। ਗਿਲਾ ਇਸ ਗੱਲ ਦਾ ਹੈ ਕਿ ਇਕ ਉਹ ਇਨਸਾਨ ਜਿਹੜਾ ਸਾਲਾਂ ਬੱਧੀ ਤੱਤ ਗੁਰਮਤ ਦੇ ਸਾਥੀਆਂ ਦੇ ਇਕੱਠ ਵਿਚ ਬਹਿ ਕੇ ਇਸੇ ਗੰਗਾ ਸਾਗਰ ਨੂੰ ਨਕਲੀ ਦੱਸਣ ਵਾਲਾ ਅੱਜ ਇਸੇ ਝੂਠ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਰਾਏ ਕਲ੍ਹਾ ਨੂੰ ਦਿਤਾ ਹੋਇਆ ਤੋਹਫ਼ਾ ਕਹਿ ਕੇ ਬਕਵਾਸ ਭਰੀਆਂ ਦਲੀਲਾਂ ਦੇ ਰਿਹਾ ਹੈ। ਇਤਰਾਜ਼ ਇਸ ਗੱਲ ਦਾ ਹੈ ਕਿ ਆਪਣੇ ਆਪ ਨੂੰ ਸਿਖ ਇਤਹਾਸਕਾਰ ਕਹਾਉਣ ਵਾਲੇ ਨੇ ਇਕ ਮੋਰੀਆਂ ਭਰੀ ਟਕੇ ਦੀ ਹਾਂਡੀ ਬਦਲੇ ਆਪਣੀ ਜ਼ਮੀਰ ਵੇਚ ਦਿੱਤੀ।



ਗੰਗਾ ਸਾਗਰ ਲਈ ਨਵੀਂ ਲੱਭੀ ਉਪਾਸ਼ਕੀ ਦਾ ਆਧਾਰ ਕੀ ਹੈ ਦਿਲਗੀਰ ਜੀ? ਕੋਈ ਨਵਾਂ ਸਰੋਤ ਲੱਭ ਪਿਆ ਹੈ? ਕੋਈ ਨਵਾਂ ਸਬੂਤ ਸਾਹਮਣੇ ਆਇਆ ਹੈ? ਦੱਸੋ ਤੇ ਸਹੀ।

ਕਿਸੇ ਡੇਰੇ ਤੇ ਗੰਗਾ ਸਾਗਰ, ਗੁਰੂ ਦੀ ਕਹੀਆਂ ਜਾਂਦੀਆਂ ਜੁਤੀਆਂ ਆਦਿ ਵਾਰੇ ਕਾਨਫਰੰਸ ਹੁੰਦੀ ਤਾਂ ਮੇਰਾ ਤੁਰੰਤ ਕਹਿ ਦੇਣਾ ਬਣਦਾ ਸੀ ਕਿ "ਮੈ ਨਹੀਂ ਆ ਰਿਹਾ"। ਪਰ ਜਦੋ ਇੱਕ ਤੱਤ ਗੁਰਮਤੀਆ ਕਹਾਊ ਟੀਕਾਕਾਰ ਕਿਸੇ ਪਾਖੰਡ ਤੇ ਕੋਈ ਕਾਨਫਰੰਸ ਕਰੇ, ਤਾਂ ਓਸ ਦਾ ਉਪਾਉ ਇਹੀ ਹੈ ਕਿ ਮੈ ਹਾਜ਼ਰ ਹੋ ਕੇ, ਪਰਖ ਪੜਚੋਲ ਕਰ ਕੇ, ਓਸ ਵਿਕ ਚੁਕੇ ਦੀ ਖੁੰਭ ਠੱਪਾਂ ਤੇ ਪਾਜ ਖੋਲ੍ਹਾਂ । ਮੇਰੇ ਵਿਚ ਤੇ ਗੁਰਚਰਨ ਸਿੰਘ ਜਿਉਣਵਾਲਾ ਜੀ ਵਿਚ ਫਰਕ ਬਸ ਇੰਨਾ ਸੀ ਕਿ ਉਨ੍ਹਾਂ ਨੇ ਕਾਨਫਰੰਸ ਵਿਚ ਹੀ ਮਾਇਕ ਤੇ ਆ ਕੇ ਤੁਹਾਡੀ ਤੇ ਗੰਗਾ ਸਾਗਰ ਦੀ ਖੁੰਬ ਠੱਪ ਦਿੱਤੀ, ਤੇ ਮੈ ਕਾਨਫਰੰਸ ਤੋਂ ਬਾਅਦ ਸਿੱਖ ਬੁਲਟੀਨ ਵਿਚ ਲੇਖ ਛਾਪ ਕੇ ਵਿਕੀ ਹੋਈ ਜ਼ਮੀਰ ਦੀ ਵਿਆਖਿਆ ਕਰ ਦਿੱਤੀ।

ਆਸ ਹੈ ਤੁਹਾਨੂੰ ਤੁਹਾਡੇ ਸੁਆਲ "ਜੇ ਕਰਮਿੰਦਰ ਸਿੰਘ ਜੀ ਨੂੰ ਗੰਗਾ ਸਾਗਰ ਨਾਲ ਤਕਲੀਫ਼ ਸੀ ਤਾਂ ਇਹ ਕਾਨਫਰੰਸ ਦਾ ਸੱਦਾ ਕਿਉਂ ਪਰਵਾਨ ਕੀਤਾ, ਕਾਨਫਰੰਸ ਵਿਚ ਵਿਚ ਹਾਜ਼ਰ ਕਿਉਂ ਹੋਇਆ" ਦਾ ਜੁਆਬ ਮਿਲ ਗਿਆ ਹੋਵੇਗਾ।

ਹੋਰ ਗਲਤ ਫਹਿਮੀਆਂ ਦੂਰ ਕਰੋ, ਦਿਲਗੀਰ ਸਾਹਿਬ।

ਹਾਸੋ ਹੀਣੀ ਗੱਲ ਹੈ ਕਿ ਇਕ ਇਤਹਾਸਕਾਰ ਕਹਾਉਣ ਵਾਲਾ ਵਿਅਕਤੀ ਗੰਗਾ ਸਾਗਰ ਦੇ ਸੱਚ ਝੂਠ ਦਾ ਨਿਰਣਾ ਕਰਨ ਦੀ ਬਜਾਏ ਘੱਟੀਆ ਜਿਹੇ ਸੁਆਲ ਉਠਾ ਰਿਹਾ ਹੈ। ਮਸਲਨ: "ਕੀ ਨਾਰਵੇ ਵਿਚ ਗੰਗਾ ਸਾਗਰ ਦੇ ਲਿਆਂਦੇ ਜਾਣ ਨਾਲ ਕੌਮ ਵਾਸਤੇ ਕੋਈ ਮੁਸ਼ਕਿਲ ਪੈਦਾ ਹੋ ਗਈ ਸੀ? ਕੀ ਇਸ ਨਾਲ ਕੋਈ ਹਨੇਰ ਪੈ ਗਿਆ ਸੀ? ਕੀ ਇਸ ਨਾਲ ਕੋਈ ਕੌਮੀ ਮਸਲਾ ਖੜ੍ਹਾ ਹੋ ਗਿਆ ਸੀ ਜਿਸ ਨਾਲ ਕੌਮ ਨੂੰ ਖ਼ਤਰਾ ਹੋ ਸਕਦਾ ਸੀ?

ਦਿਲਗੀਰ ਜੀ, ਤੁਸੀਂ ਤੱਤ ਗੁਰਮਤ ਦੀਆਂ ਸਟੇਜਾਂ ਤੇ ਚੜ੍ਹ ਕੇ, ਬਚਿਤਰ ਨਾਟਕ ਦੇ ਖਿਲਾਫ ਬਾਂਗਾਂ ਦਿੰਦੇ ਰਹੇ ਹੋ, ਤੇ ਜੇ ਤੁਹਾਨੂੰ ਕੋਈ ਸੰਪਰਦਾਈ ਇਹ ਸੁਆਲ ਕਰੇ ਕਿ ਦਿਲਗੀਰ ਜੀ ਬਚਿਤਰ ਨਾਟਕ ਦੇ ਸਾਡੇ ਸ਼ਹਿਰ ਜਾਂ ਗੁਰਦੁਆਰੇ ਲਿਆਂਦੇ ਜਾਣ ਨਾਲ ਕੌਮ ਵਾਸਤੇ ਕੋਈ

ਮੁਸ਼ਕਿਲ ਪੈਦਾ ਹੋ ਗਈ ਸੀ? ਕੀ ਇਸ ਨਾਲ ਕੋਈ ਹਨੇਰ ਪੈ ਗਿਆ ਸੀ? ਕੀ ਇਸ ਨਾਲ ਕੋਈ ਕੌਮੀ ਮਸਲਾ ਖੜ੍ਹਾ ਹੋ ਗਿਆ ਸੀ ਜਿਸ ਨਾਲ ਕੌਮ ਨੂੰ ਖ਼ਤਰਾ ਹੋ ਸਕਦਾ ਸੀ?

ਮਸਲਾ ਗੰਗਾ ਸਾਗਰ ਦਾ ਇਧਰ ਉਧਰ ਲੈਜਾਣ ਦਾ ਨਹੀਂ। ਮਸਲਾ ਇਹ ਹੈ ਕਿ ਮਤਲਬੀ ਲੋਕ ਇਹਨੂੰ ਵਰਤ ਕੇ ਕੌਮ ਦੇਂ ਖੱਲ੍ ਉਧੇੜ ਰਹੇ ਨੇ ਤੇ ਇਤਹਾਸਕਾਰ ਤੋਂ ਮਿਥਿਹਾਸਕਾਰ ਬਣਿਆ ਇੱਕ ਤੱਤ ਗੁਰਮਤੀਆਂ ਇਸ ਪਖੰਡ ਨੂ ਪਰਸਾਰਨ ਲਈ ਅੰਤਰਰਾਸਤਰੀਆ ਕਾਨਫਰੰਸਾਂ ਕਰਾ ਰਿਹਾ ਹੈ, ਕੌਮ ਦੇ ਦਾਨੀਆਂ ਦਾ ਸਰਮਾਇਆ ਬਰਬਾਦ ਕਰ ਰਿਹਾ ਹੈ, ਇਸ ਪਾਖੰਡ ਨੂੰ ਗੁਰੂਆਂ ਦੇ ਨਾਲ ਜੋੜਨ ਵਾਲਾ ਬਕਵਾਸ ਲਿਖ ਰਿਹਾ ਹੈ, ਤੇ ਉਸ ਨੂੰ ਸੇਧ ਦੇਣ ਵਾਲਿਆਂ ਦੇ ਵਿਰੋਧ ਵਿਚ ਕੂੜ ਦਾ ਢੇਰ ਖੜ੍ਹਾ ਕਰ ਰਿਹੇ ਹੈ। ਬੱਸ, ਐਹ ਮਸਲਾ ਹੈ, ਦਿਲਗੀਰ ਸਾਹਿਬ।

ਕੂੜ ਦਾ ਪਸਾਰਾ, ਝੂਠ ਤੇ ਝੂਠ ਚਾੜਨ ਦੀ ਕਰਤੂਤ;

1. ਤੁਹਾਡੀ ਉਰਪੋਕਤ ਲਿਖਤ ਮੁਤਾਬਿਕ "ਜਿਉਣਵਾਲਾ ਪਿੰਡ ਦੇ ਗੁਰਚਰਨ ਸਿੰਘ ਨੇ ਜ਼ਬਰਦਸਤੀ ਸਟੇਜ 'ਤੇ ਚੜ੍ਹ ਕੇ ਗੰਗਾ ਸਾਗਰ ਬਾਰੇ ਗ਼ਲਤ ਗੱਲਾਂ ਕੀਤੀਆਂ।" ਇਤਿਹਾਸਕਾਰ ਤੋਂ ਮਿਥਿਹਤਾਸਕਾਰ, ਮਿਥਿਹਤਾਸਕਾਰ ਤੋਂ ਝੂਠਕਾਰ? ਜਿਉਣਵਾਲਾ ਜੀ ਨੂੰ ੧੨੦੦ ਡਾਲਰ ਦੀ ਟਿਕਟ ਘੱਲ ਕੇ ੩੦ ਮਿੰਟਾਂ ਲਈ ਪਰਚਾ ਪੇਸ਼ ਕਰਨ ਦਾ ਸੱਦਾ ਦਿੱਤਾ ਸੀ। ਸਟੇਜ ਤੋਂ ਇਹ ਐਲਾਨ ਹੋਇਆ ਸੀ ਕਿ ਹੁਣ ਜਿਉਣਵਾਲਾ ਜੀ ਦਾ ਸਮਾਂ ਹੈ ਤੇ ਉਹ ਆਪਣਾ ਪਰਚਾ ਪੈਸ਼ ਕਰਨਗੇ। ਜਿਉਣਵਾਲਾ ਜੀ ਉਠ ਕੇ ਤੁਹਾਡੇ ਕੋਲ ਆਏ ਸਨ, ਇਹ ਦੱਸਣ ਲਈ ਕਿ ਉਹ ਗੰਗਾ ਸਾਗਰ ਤੇ ਬੋਲਣਗੇ। ਤੁਸਾਂ ਇਕ ਦਮ, ਸਟੇਜ ਦੇ ਪਾਸੇ ਆਕੇ ਮੇਰੇ ਨਾਲ ਬੈਠੀ ਸਟੇਜ ਸੈਕਟਰੀ ਨੂੰ ਹੁਕਮ ਕਰ ਦਿੱਤਾ ਕਿ ਜਿਉਣਵਾਲਾ ਜੀ ਦਾ ਸਮਾਂ ਕੱਟ ਦਿਉ। ਉਸ ਨੇ ਹੁਕਮ ਦੀ ਪਾਲਣਾ ਕੀਤੀ ਤੇ ਅਗਲੇ ਬੁਲਾਰੇ ਨੂੰ ਸੱਦਾ ਦੇ ਦਿੱਤਾ। ਜਿਉਣਵਾਲਾ ਜੀ ਸਟੇਜ ਤੇ ਆਕੇ ਗੱਜੇ ਤੇ ਗੰਗਾ ਸਾਗਰ ਦੀ ਅਤੇ ਦਿਲਗੀਰ ਦੀ ਚੰਡ ਲਾਹੀ।


2. ਤੁਹਾਡੀ ਉਰਪੋਕਤ ਲਿਖਤ ਮੁਤਾਬਿਕ "ਮੈਨੂੰ ਕਰਮਿੰਦਰ ਸਿੰਘ ਜੀ ਤੋਂ ਇਹ ਆਸ ਨਹੀਂ ਸੀ ਕਿ ਉਹ ਏਨਾ ਭੈੜਾ ਝੂਠ ਬੋਲਣਗੇ ਕਿ ਮੈਂ ਸਟੇਜ ਤੋਂ ਗੁਰਚਰਨ ਨੂੰ ਜਵਾਬ ਨਹੀਂ ਦਿੱਤਾ। ਸਿਰਫ਼ ਮੈਂ ਹੀ ਨਹੀਂ ਸਟੇਜ ਸਕੱਤਰ ਬੀਬੀ ਪਰਮਿੰਦਰ ਕੌਰ ਨੇ ਵੀ ਗੁਰਚਰਨ ਨੂੰ ਆਪਣੇ ਤਰਕ ਤੇ ਤਰੀਕੇ ਨਾਲ ਖੂਬ ਝਾੜ ਪਾਈ ਸੀ।" ਹਾਂ ਇਹ ਸੱਚ ਹੈ ਕਿ ਜਿਉਣਵਾਲਾ ਦੇ ਭਾਸ਼ਣ ਤੋਂ ਬਾਅਦ ਸਟੇਜ ਸੈਕਟਰੀ ਨੇ ਗੰਗਾ ਸਾਗਰ ਨੂੰ ਕਾਨਫਰੰਸ ਵਿਚ ਲਿਆਉਣ ਵਾਲਿਆਂ ਤੋਂ ਮੁਆਫੀ ਮੰਗੀ ਸੀ । ਮੁਆਫੀ ਮੰਗਣ ਤੇ ਜੁਆਬ ਦੇਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ।

3. ਜਿਉਣਵਾਲਾ ਜੀ ਦਾ ਸੁਆਲ, ਜੋ ਉਨ੍ਹਾ ਨੇ ਪਿਛਲੇ ਚਾਰ ਲੇਖਾਂ ਵਿਚ ਵੀ ਉਠਾਇਆ ਹੈ, ਜੋ ਜੁਆਬ ਮੰਗ ਰਿਹਾ ਹੈ, ਉਹ ਇਹ ਹੈ: "ਦਿਲਗੀਰ ਜੀ, ਤੁਸੀਂ ਸਾਡੇ ਵਿਚ ਬਹਿ ਕਿ ਕਈ ਸਾਲਾਂ ਤੋਂ ਇਹ ਕਹਿ ਰਹੇ ਸੀ ਕਿ ਗੰਗਾ ਸਾਗਰ ਨਾਮ ਦੀ ਕੋਈ ਚੀਜ ਹੀ ਨਹੀਂ, ਇਕ ਝੂਠ ਹੈ, ਨਕਲੀ ਹੈ, ਆਦਿ। ਤੇ ਹੁਣ ਕਹਿ ਰਹੇ ਹੋਂ ਕਿ ਗੰਗਾ ਸਾਗਰ ਗੁਰੂ ਗੋਬਿੰਦ ਸਿੰਘ ਜੀ ਦਾ ਰਾਏ ਕਲ੍ਹਾ ਨੂੰ ਦਿੱਤਾ ਹੋਇਆ ਤੋਹਫ਼ਾ ਹੈ ਤੇ ਇਹ ਉਸ ਦੇ ਨੌਕਰ ਤੋਂ ਮੱਝ ਦਾ ਦੁੱਧ ਪੀਣ ਲਈ ਅਨੰਦਪੁਰ ਦਾ ਕਿਲਾ ਛੱਡਣ ਵੇਲੇ ਨਾਲ ਸਾਂਭ ਕਿ ਲਿਆਂਦਾ ਸੀ। । ਆਪਣੇ ਖਿਆਲ ਬਦਲਣੇ ਕੋਈ ਮਾੜਾ ਕੰਮ ਨਹੀਂ, ਪਰ ਦੱਸੋ ਤੇ ਸਹੀ ਕਿ ਇਸ ਸਟੈਂਡ ਬਦਲੀ ਦਾ ਆਧਾਰ ਕੀ ਹੈ? ਕੋਈ ਨਵਾਂ ਸਰੋਤ ਲੱਭ ਪਿਆ ਹੈ? ਕੋਈ ਨਵਾਂ ਸਬੂਤ ਸਾਹਮਣੇ ਆਇਆ ਹੈ? ਜਿਉਣਵਾਲਾ ਜੀ ਤੋਂ ਸੇਧ ਲੈ ਕੇ, ਮੈ ਵੀ ਅਪਣੇ ਲੇਖ ਵਿਚ ਏਹੋ ਸੁਆਲ ਉਠਾਇਆ ਸੀ। ਇਤਿਹਾਸਕਾਰ ਤੇ ਇਹੋ ਜੇਹੇ ਸੁਆਲ੍ਹਾ ਦੀ ਉਡੀਕ ਵਿਚ ਰਹਿੰਦਾ ਹੈ। ਪਰ ਦਿਲਗੀਰ ਸਾਹਿਬ ਦੇ ਜੁਆਬ ਵਿਚ ਗੰਗਾ ਸਾਗਰ ਨਾਲੋਂ ਜ਼ਿਆਦਾ ਮੋਰੀਆਂ ਹਨ। ਤੁਹਾਡਾ ਜੁਆਬ ਜੋ ਉਪਰੋਕਤ ਲੇਖ ਵਿਚ ਹੈ, ਇਸ ਪਰਕਾਰ ਹੈ:

(੧) "ਫਿਰ ਜਦੋਂ ਕਾਨਫ਼ਰੰਸ ਵਿਚ ਜਿਉਣਵਾਲਾ ਪਿੰਡ ਦੇ ਗੁਰਚਰਨ ਸਿੰਘ ਨੇ ਜ਼ਬਰਦਸਤੀ ਸਟੇਜ 'ਤੇ ਚੜ੍ਹ ਕੇ ਗੰਗਾ ਸਾਗਰ ਬਾਰੇ ਗ਼ਲਤ ਗੱਲਾਂ ਕੀਤੀਆਂ ਤਾਂ ਉਸ ਤੋਂ ਮਗਰੋਂ ਮੈਂ 5-6 ਮੰਟ ਉਸ ਦੇ ਆਖੇ ਲਫ਼ਜ਼ਾਂ ਨੂੰ ਰੱਦ ਕੀਤਾ।" ਕਿਸੇ ਤੇ ੫ - 6 ਮਿੰਟਾਂ ਲਈ ਚਿਕੜ ਸੁਟਣ ਨਾਲ ਤੇ ਸੁਆਲ ਦਾ ਜੁਆਬ ਨਹੀਂ ਦਿੱਤਾ ਜਾ ਸਕਦਾ। ਚਲੋ ਫਿਰ ਹੁਣ ਇਸ ਉਪਰੋਕਤ ਲੇਖ ਵਿਚ ਕਿਉਂ ਨਹੀ ਲਿਖਿਆ ਕਿ ਤੁਹਾਡੇ ਸਟੈਂਡ ਬਦਲੀ ਦਾ ਆਧਾਰ ਕੀ ਹੈ? ਕੋਈ ਨਵਾਂ ਸਰੋਤ ਲੱਭ ਪਿਆ ਹੈ? ਕੋਈ ਨਵਾਂ ਸਬੂਤ ਸਾਹਮਣੇ ਆਇਆ ਹੈ?

(੨) ਦੂਜਾ ਜੁਆਬ ਤੁਹਾਡਾ ਇਹ ਹੈ ਕਿ "ਕੀ ਨਾਰਵੇ ਵਿਚ ਗੰਗਾ ਸਾਗਰ ਦੇ ਲਿਆਂਦੇ ਜਾਣ ਨਾਲ ਕੌਮ ਵਾਸਤੇ ਕੋਈ ਮੁਸ਼ਕਿਲ ਪੈਦਾ ਹੋ ਗਈ ਸੀ? ਕੀ ਇਸ ਨਾਲ ਕੋਈ ਹਨੇਰ ਪੈ ਗਿਆ ਸੀ? ਕੀ ਇਸ ਨਾਲ ਕੋਈ ਕੌਮੀ ਮਸਲਾ ਖੜ੍ਹਾ ਹੋ ਗਿਆ ਸੀ ਜਿਸ ਨਾਲ ਕੌਮ ਨੂੰ ਖ਼ਤਰਾ ਹੋ ਸਕਦਾ ਸੀ?

ਅਜੇਹੇ ਘਟੀਆ ਜੁਆਬ ਤਾਂ ਕੋਈ ਟਕੇ ਦਾ ਇਸਹਾਸਕਾਰ ਹੀ ਦੇ ਸਕਦਾ ਹੈ। ਇਸ ਦੇ ਬਜਾਇ ਸੱਚ ਕਿਉਂ ਨਹੀਂ ਬੋਲ ਦਿੰਦੇ ਕਿ "ਦਿਲਗੀਰ ਦੀ ਮਜਬੂਰੀ ਹੈ? ਸਾਰਿਆਂ ਨੇ ਸਮਝ ਜਾਣਾ ਸੀ। ਆਖਰਕਾਰ ਮੰਗ ਖਾਣ ਵਾਲਿਆਂ ਦੀਆਂ ਮਜ਼ਬੂਰੀਆਂ ਹੁੰਦੀਆਂ ਹੀ ਨੇ। ਘੱਟ ਤੋਂ ਘੱਟ ਉਪਰੋਕਤ ਕੂੜ ਕਬਾੜ ਲਿਖ ਕੇ ਆਪਣੀ ਹੇਠੀ ਨਾ ਕਰਾਂਉਂਦੇ।



BOOK REVIEW

TITLE: *Eternal Wisdom, Emerging Worlds (Sikh Thought on Faith, Freedom, Identity, and Artificial Intelligence).*
Authors: Dr. Devinder Pal Singh and Dr. Bhai Harbans Lal.
Reviewer: Hardev Singh Virk Professor of Eminence, SGGS World University, Fatehgarh Sahib (Punjab)
Publishers: Center for Sikh Thought and Learning, Mississauga, ON, Canada
& Academy of Guru Granth Studies, Arlington, TX, USA
Year of Publication: 2026.
Price: Rs. Rs.750; US $12, **ISBN:** 9798187741274

My interaction with authors goes back to Guru Nanak Dev University, Amritsar, where Dr DP Singh joined as a Research Scholar and Faculty Member in 1983 and Dr Bhai Harbans Lal was a frequent visitor. Most of these articles included in this book have been published by the authors; by Dr Lal as his Blogs, and Dr Singh in various magazines and journals. This book has been written with a futuristic outlook and a purpose to create awareness among its readers to remain watchful while using AI based technologies. Authors write in the Preface: “In November 2022, the release of ChatGPT marked a watershed moment in human history. Within months, artificial intelligence (AI) shifted from a specialized technical domain to a force reshaping education, creativity, governance, and spiritual practice. By 2024, AI systems were writing poetry, diagnosing diseases, generating deepfake avatars of the deceased, and making decisions that affected millions of lives”. Further, the purpose of writing this book is explained by the authors as follows: “This book addresses multiple audiences, each with distinct needs. For academic scholars in religious studies, philosophy, and science and technology studies, we offer a substantive non-Western voice in debates dominated by Judeo-Christian and secular frameworks. For AI researchers and technologists grappling with ethical questions, we provide a comprehensive moral vocabulary grounded in concepts like divine order, service, and collective flourishing. For Sikh practitioners and community leaders, we demonstrate how traditional teachings remain dynamically relevant without requiring dilution or distortion. For general readers concerned about technology's impact on human dignity and spiritual life, we offer accessible yet rigorous analysis. For policymakers navigating questions of AI governance, religious freedom, and pluralism, we illustrate how wisdom traditions can inform public discourse without imposing sectarian agendas.”

The book has 20 Chapters divided into two parts. Bhai H. Lal, in the opening Chapter of this book, explains the need for making Sri Guru Granth Sahib available in all languages as its universal message transcends geography, ethnicity, and culture. He is highly critical of our approach to Sikhi: “We Sikhs take great pride in the universality of the Gurus' message, meaning that our Gurus revealed it for the benefit of all peoples and communities. Our clerics and our leaders miss no opportunity to emphasize this distinction of our Guru’s message. Similarly, we speak of our Gurdwaras and other congregational institutions open to everyone in the global village. But we fail to realize that by trussing Sikh beliefs and practices far too tightly with Punjabi language, ethnicity, and lifestyle, we commit the sin of utterly refusing to share our religion with the rest of the world”.

In the 2nd Chapter, DP Singh sums up the creation process of Guru Nanak in SGGS as follows: “Guru Nanak's reflections on creation present one of the most comprehensive spiritual visions of the cosmos found in world religious literature. His hymns neither attempt to provide a scientific textbook nor discourage rational investigation; instead, they inspire humility, wonder, and a lifelong search for truth. The comparisons presented in

this article indicate that several themes articulated by Guru Nanak, including the unknowability of the precise moment of creation, the emergence of the universe through Divine command, the immensity of creation, the possibility of multiple worlds, the origin and diversity of life, and the eventual transformation of the cosmos, display remarkable conceptual resonance with contemporary scientific understanding. At the same time, Guru Nanak consistently reminds humanity that ultimate reality transcends complete intellectual comprehension".

In the 3rd Chapter, both the authors "explore Guru Tegh Bahadur's martyrdom through the lens of pluralistic societies. It draws connections between his advocacy for universal religious freedom and contemporary frameworks of interfaith harmony, human rights, and secular governance". In 4th Chapter, Bhai Lal explains the significance of Langar as practical expression of Sikh faith translated into action. He goes on to describe the Langar Sewa of various Sikh organizations globally. Langar is explained beautifully as follows: "Langar emerges as an act of justice, compassion, and shared humanity, demonstrating how spiritual principles can be lived rather than just proclaimed".

In Chapter 5, DP Singh has given a vivid description of legacy of Guru Gobind Singh: "His advocacy for the equality of all people, regardless of caste, gender, or religion, underscores the relevance of inclusivity and social justice. His leadership style, rooted in humility and empowerment, offers valuable lessons for modern leaders. "In Chapter 6, DP and Lal give the historical analysis of revelation of the Khalsa by Guru Gobind Singh: "*Understanding this distinction between "revealing" versus "creating" the Khalsa provides several important insights. First, it establishes historical continuity in the development of Sikh institutions from Guru Nanak through Guru Gobind Singh. Second, it helps explain why not all Sikhs immediately adopted Amrit after 1699, even as they still considered themselves part of the Khalsa Panth. Finally, it demonstrates how Guru Gobind Singh's actions represented both practical organizational reform and profound theological innovation*".

In Chapter 7, both the authors focus on "Vaisakhi in Sikh Tradition" and trace its scriptural roots and historical transformations. They conclude: " By tracing Vaisakhi's layered development, this article demonstrates that its enduring relevance lies in its capacity to integrate spiritual realization with social transformation. Vaisakhi stands not merely as a historical anniversary, but as a continuing call to embody Sikh ideals of equality, courage, humility, and divine awareness in collective life". In Chapter 8, authors discuss "Anand Marriage Act" and its historical origins and implications. In Chapter 9, they describe the limitations of Sikhi due to its entanglement with Punjabi nationalism and ethnicity: "By distinguishing religion from ethnicity, embracing intercultural pedagogies, and supporting diverse Sikh identities, the global Sikh community can make Sikhi accessible to seekers worldwide, without compromising its spiritual integrity. When Sikhi is disentangled from Punjabi nationalism, its core message of divine unity, justice, equality, and compassion becomes universally compelling". Chapter 10 continues to discuss the same theme as presented in Chapter 9. The authors provide a framework to improve the situation: "*Examining historical, linguistic, institutional, and sociological factors, the article highlights the need to reclaim Guru Nanak's intercultural approach through multilingual education, inclusive gurdwara practices, global translations, and broader representation. By distinguishing Sikh spiritual principles from ethnic expressions, Sikhi can evolve as a truly global faith while preserving its authentic identity and universal humanistic foundations*".

In Chapter 11, DP Singh tries to explore the environmental wisdom in the Sikh Scripture (SGGS). It is a new approach to the study of SGGS. He traces a profound reverence for nature expressed in the SGGS. According to DP: "Key verses, such as "*Pavan Guru, Pani Pita, Mata Dharat Mahat*," highlight the Earth, air, and water as revered life-givers and spiritual guides. SGGS condemns greed and material exploitation while promoting virtues such as contentment, humility, and selfless service (seva), all of which foster ecological balance and sustainability". In Chapter 12, Bhai Lal uses a metaphor of breaking the eggshell, first used by Max Arthur Macauliffe, the celebrated translator of SGGS, to examine the contemporary condition of Sikh community. He calls for a return to Guru


Nanak's rational, ethical, and spiritually authentic vision, urging Sikhs to embrace self-reflection, scriptural understanding, and reform to preserve the vitality and universality of the Sikh faith.

In Chapter 13, DP finds fault in modern practices vs Guru Nanak's vision which emphasized the oneness of God, equality, social justice, selfless service (seva), truth, and living a balanced life. He is of the opinion that the rise of materialism, caste discrimination, religious ritualism, sectarianism, and the neglect of seva are the main causes of this divergence. In Chapter 14, authors use Sikh Philosophy to explore the phenomena of super-aging and mental resilience. On the basis of integrative model of aging, authors conclude: "Cognitive longevity may not depend solely on genetics or lifestyle but is shaped by a harmonious interplay among body, mind, and spirit, as emphasized in Sikh philosophy". In Chapter 15, DP Singh traces the multifaceted legacy of Harmandir Sahib and concludes: "*Harmandir Sahib's legacy transcends religion, offering a timeless model of compassion and unity that reinforces its role as a spiritual and cultural beacon for humanity in an increasingly divided world*".

In the Preface, authors give the classification of Chapters as follows: "The first section of fifteen chapters establishes the philosophical foundations to examine core Sikh teachings on universal spirituality, religious freedom, ecological consciousness, social equality, and institutional reform. The second section of five Chapters then applies these philosophical resources to the specific challenge of AI". Keeping this classification in view, Chapters 16-20 gain prominence in this book. In Chapter 16, authors conclude on the Sikh perspective of GPT-5 as follows: "From a Sikh perspective, GPT-5 is neither inherently liberating nor inherently perilous. Like all tools, its impact is determined by the consciousness with which humanity wields it. When guided by greed, ego, and disregard for nature, it risks becoming an extension of Maya and exploitation. Conversely, when used with humility, justice, and a spirit of seva (selfless service), it can become a potent instrument for upliftment. Sikhism does not reject technological progress; instead, it calls for grounding innovation in spiritual wisdom (*Gian)*, righteous action (*Kirat*), and selfless service (*Seva*)".

In Chapter 17, DP Singh provides a Sikh critique of Artificial Intelligence in tune with teachings of SGGS: "Rather than rejecting innovation, Sikhism calls for spiritually guided technology that upholds human dignity, service, and divine remembrance. The machine must serve humanity, not replace its soul". Chapter 18 "Deepfake Eternity vs. Eternal Naam: Sikh Responses to Artificial Intelligence" is one of the most significant Chapters of this volume. The authors are highly critical of new technology versus eternal Naam. They conclude: "In choosing the path of *Naam* over digital simulation, Sikhs affirm that authentic eternity cannot be programmed, purchased, or artificially preserved; it can only be realized through the timeless practice of divine remembrance that connects all beings across the apparent boundaries of life and death". In Chapter 19, DP Singh pleads for use of AI technology to enhance knowledge and understanding of Sikh doctrines by improving access to information, enabling personalized learning, supporting language translation, and facilitating the analysis of Sikh scriptures. Author recommends the use of AI through digital libraries, intelligent assistants, immersive virtual experiences, and collaborative platforms to deepen engagement with Sikh teachings and cultural heritage. In Chapter 20, DP Singh recommends to harness AI to promote Sikhism. I agree with the views of author: "Artificial Intelligence presents unprecedented opportunities to promote Sikhism by expanding access to authentic knowledge, preserving cultural heritage, and connecting the global Sikh community through innovative digital technologies. AI-powered tools can democratize learning, overcome linguistic and geographical barriers, facilitate scholarly research, and create engaging educational experiences that inspire both current and future generations".

I consider this book as a welcome addition to Sikh literature. Authors have joined hands to provide the readers a futuristic view of Sikhi based on AI technology and its impact on Sikh society, in particular, and the global society, in general. Authors have given Bibliography after each Chapter but I feel lack of Index at the end of this book. I feel privileged to review this book for the intelligent reader and researcher of Sikhi, its legacy, and its institutions.



ਪੁਸਤਕ ਸਮੀਖਿਆ।

ਸਿਰਲੇਖ : ਅੰਤਰਾਲ ਯਾਤਰਾ।
ਲੇਖਕ: ਆਰਟਿਸਟ ਜਸਵੰਤ ਸਿੰਘ
ਸਮੀਖਿਅਕ: ਕਰਮਿੰਦਰ ਸਿੰਘ ਢਿੱਲੋਂ, PhD (Boston) ਨੀਊਜ਼ੀਲੈਂਡ।
ISBN: 9 81777 795498

ਪੇਂਟਰ ਅਤੇ ਆਰਟਿਸਟ ਜਸਵੰਤ ਸਿੰਘ ਦੀ ਪੁਸਤਕ 'ਅੰਤਰਾਲ ਯਾਤਰਾ' ਮਨੁੱਖੀ ਰੂਹ ਅਤੇ ਬ੍ਰਹਿਮੰਡ ਦੇ ਡੂੰਘੇ ਸਬੰਧਾਂ ਨੂੰ ਦਰਸਾਉਂਦੀ ਇੱਕ ਬੇਮਿਸਾਲ ਕਲਾਤਮਕ ਰਚਨਾ ਹੈ। ਇਸ ਰਚਨਾ ਰਾਹੀਂ ਕਲਾਕਾਰ ਨੇ ਆਪਣੇ ਅੰਦਰੂਨੀ ਸੰਸਾਰ ਦੇ ਵਲਵਲਿਆਂ, ਅਧਿਆਤਮਿਕਤਾ ਅਤੇ ਕੁਦਰਤ ਦੇ ਰਹੱਸਾਂ ਨੂੰ ਰੰਗਾਂ, ਲਕੀਰਾਂ ਅਤੇ ਚਿੰਨ੍ਹਾਂ ਦੇ ਰੂਪ ਵਿੱਚ ਬਾਖ਼ੂਬੀ ਉਤਾਰਿਆ ਹੈ।

ਜਸਵੰਤ ਸਿੰਘ ਦੀ ਬੁਰਸ਼ ਦੀ ਛੋਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭਕ ਵਾਕ, ਇਨਸਾਨੀ ਹੋਂਦ ਦੇ ਫ਼ਲਸਫ਼ੇ ਅਤੇ ਕੁਦਰਤ ਦੀ ਰਚਨਾ ਦੇ ਆਪਸੀ ਸਬੰਧਾਂ ਨੂੰ ਸੂਖਮਤਾ ਨਾਲ ਉਜਾਗਰ ਕਰਦੀ ਹੈ।

ਇਸ ਯਾਤਰਾ ਅਤੇ ਕਲਾ ਪ੍ਰਦਰਸ਼ਨੀ ਦੇ ਕੁਝ ਪਰਮੁਖ ਪਹਿਲੂ ਵਰਨਣ ਯੋਗ ਹਨ। ਪਹਿਲਾ ਪਹਿਲੂ ਅੰਦਰੂਨੀ ਖੋਜ ਦੇ ਪਰਥਾਇ ਹੈ। ਇੱਸ ਸੰਬੰਧ ਵਿਚ, 'ਅੰਤਰਾਲ ਯਾਤਰਾ' ਮਨੁੱਖ ਦੇ ਅੰਦਰਲੇ ਅੰਤਰਾਲ ਦੀ ਯਾਤਰਾ ਹੈ, ਜੋ ਬਾਹਰੀ ਸੰਸਾਰ ਤੋਂ ਅਧਿਆਤਮ ਵੱਲ ਲੈ ਕੇ ਜਾਂਦੀ ਹੈ।


ਆਰਟਿਸਟ ਜਸਵੰਤ ਸਿੰਘ ਦੀ ਕਿਰਤ ਦਾ ਦੂਜਾ ਵਰਨਣਯੋਗ ਪੱਖ ਕੁਦਰਤ ਦੇ ਤੱਤਾਂ ਦੇ ਨਾਲ ਸਬੰਧਤ ਹੈ। ਕਲਾਕਾਰ ਦੀਆਂ ਪੇਂਟਿੰਗਾਂ ਵਿੱਚ ਪੰਛੀ, ਬੱਦਲ, ਦਰਿਆ ਅਤੇ ਸਮੁੰਦਰ ਮੁੱਖ ਰੂਪ ਵਿੱਚ ਨਜ਼ਰ ਆਉਂਦੇ ਹਨ।

ਪੁਸਤਕ ਦਾ ਤੀਜਾ ਖਾਸ ਪੱਖ ਹੈ ਨਿਰੰਤਰ ਬਦਲਾਅ। ਜਸਵੰਤ ਸਿੰਘ ਦੀ ਆਪਣੀ ਅੰਤਰਾਲ ਯਾਤਰਾ ਇਹ ਦਰਸਾਉਂਦੀ ਹੈ ਕਿ ਜ਼ਿੰਦਗੀ ਵਿੱਚ ਕੁਝ ਵੀ ਸਥਿਰ ਨਹੀਂ, ਬਲਕਿ ਹਰ ਚੀਜ਼ ਇੱਕ ਨਿਰੰਤਰ ਸਫ਼ਰ ਵਿੱਚ ਹੈ।

ਆਰਟਿਸਟ ਜਸਵੰਤ ਸਿੰਘ ਦੀ ਰਚਨਾ ਦਾ ਚੌਥਾ ਮਹੱਤਵਪੂਰਨ ਪਹਿਲੂ ਗੁਰਬਾਣੀ ਦੇ ਪ੍ਰਭਾਵ ਦੇ ਪਰਥਾਇ ਹੈ। ਸਿੱਖੀ ਜੀਵਨ ਦੇ ਧਾਰਨੀ ਹੋਣ ਦਾ ਸਦਕਾ ਉਹਨਾਂ ਦੀ ਕਲਾ ਉੱਤੇ ਗੁਰਬਾਣੀ ਅਤੇ ਸਿੱਖ ਚਿੰਤਨ ਦਾ ਡੂੰਘਾ ਪ੍ਰਭਾਵ ਹੈ।


ਕਲਾਕਾਰ ਨੇ ਆਪਣੇ ਆਧੁਨਿਕ ਚੇਤਨਾ ਵਾਲੇ ਸਟਾਈਲ ਰਾਹੀਂ ਰਵਾਇਤੀ ਅਤੇ ਅਧਿਆਤਮਿਕ ਵਿਸ਼ਿਆਂ ਨੂੰ ਕੈਨਵਸ ਉੱਤੇ ਉਤਾਰਿਆ ਹੈ, ਜੋ ਕਿ ਪ੍ਰਦਰਸ਼ਨੀ ਦੇ ਦਰਸ਼ਕ ਅਤੇ 'ਅੰਤਰਾਲ ਯਾਤਰਾ' ਦੇ ਪਾਠਕ ਲਈ ਬਹੁਤ ਹੀ ਰਹੱਸਮਈ ਸਾਬਿਤ ਹੁੰਦਾ ਹੈ। ਆਰਟਿਸਟ ਜਸਵੰਤ ਸਿੰਘ ਦੀਆਂ ਪੇਂਟਿੰਗਾਂ ਦਰਸ਼ਕ ਨੂੰ ਸ਼ਾਂਤੀ ਦਾ ਅਹਿਸਾਸ ਕਰਵਾਉਂਦੀਆਂ ਹਨ ਅਤੇ ਰੂਹਾਨੀ ਸਫ਼ਰ 'ਤੇ ਲੈ ਜਾਂਦੀਆਂ ਹਨ। ਇਹ ਕਲਾ-ਯਾਤਰਾ ਸਿਰਫ਼ ਦੇਖਣ ਲਈ ਨਹੀਂ, ਸਗੋਂ ਮਹਿਸੂਸ ਕਰਨ ਲਈ ਹੈ, ਜੋ ਪੰਜਾਬੀ ਕਲਾ ਜਗਤ ਵਿੱਚ ਇੱਕ ਨਵੇਕਲਾ ਤੇ ਬਹੁਮੁੱਲਾ ਮੀਲ ਪੱਥਰ ਸਾਬਤ ਹੁੰਦੀ ਹੈ।









NEW BOOKS







NEW BOOKS

Must Have in Every Sikh Home

Order Online From

https://sikhivicharforum.org/store/

Enquiry: dhillon99@gmail.com


Each Book Contains Essays on:


The Methodology Used.

Historical Background of the Banis

The Composition of the Bani

And More ….





Understanding Salok Mehla 9. Hardcover. 112 pages.

Understanding Salok Sheikh Fareed Kay. Hardcover. 164 pages.

Understanding Salok Bhagat Kabir Jio Kay. Hardcover. 272 pages.

Selected Gurbani Shabds. Hardcover. 522 pages.

Selected Sikhi Concepts. Hardcover. 315 pages.

Note to Contributors

The Sikh Bulletin invites articles on matters relating to *Sikhi*. Essays that adopt CRITICAL approaches towards Sikh matters and issues are given priority for publication. Articles devoted towards exploring the messages of Gurbani as contained within the Aad Guru Granth Sahib (AGGS) are particularly welcome.

Manuscripts must be in English or Gurmukhi and must begin with a title page that includes the names, e-mail addresses, and affiliations of all authors. References must be properly cited.

Manuscripts need to be submitted online to editor@sikhbulletin.com or dhillon99@gmail.com and must be in Microsoft Word (.doc). The preffered font for English characters is Calibri font size 11. Gurbani and Gurmukhi characters must be in Unicode (Nirmla UI).

The maximum length for each article in a regular issue is 5,000 words.

Note on Use of Gurbani Verses and Translations by Authors

When quoting Gurbani in their articles, authors are required to provide the Gurmukhi version of the full verse and a romanised version. Mention musts be made of the page where it is to be found in the AGGS. In line with the aspirations of *The Sikh Bulletin*, authors must provide translations of Gurbani verses that break from the mould of vedantic, yogic and literal slants prevalent in orthrodox translations. Articles relying solely on Gurbani translations as provided by Sant Singh Khalsa MD's English Translation will NOT be published.

Note to Readers

The Sikh Bulletin is published in electronic format and is being sent to readers whose e-mail addresses are in our distribution list. Please feel free to forward this issue to your contacts. Alternatively, you may provide us the e-mail addresses of friends and family who would like to receive The Sikh Bulletin regularly.

The Sikh Bulletin (including past issues) may be accessed at www.sikhbulletin.com. More recent issues can also be accessed at www.sikhivicharforum.org. Archived copies of the Sikh Bulletin can be retrieved here: https://archive.org/details/sikh-bulletin.

The views expressed by authors are their own. Please send feedback at editor@sikhbulletin.com

Thank you for your continued support of The Sikh Bulletin. *Editor*.

One of the most tragic things I know about human nature is that all of us tend to put off living. We are all dreaming of some magical rose garden over the horizon instead of enjoying the roses that are blooming outside our windows today.

Dale Carnegie, American Writer (1811 – 1955)